
# Azadi De Jahaz



ਗ਼ਦਰੀ ਬਾਬਿਆਂ

ਅਤੇ

ਗਿਆਨੀ ਕੇਸਰ ਸਿੰਘ ਨਾਵਲਿਸਟ

ਦੀ

ਮਾਣਮੱਤੀ ਯਾਦ ਨੂੰ ਸਮਰਪਿਤ॥

**Azadi De Jahaz**

# ਆਜ਼ਾਦੀ ਦੇ ਜਹਾਜ਼

**ਸੀਨ–1**

(ਸਟੇਜ ਤੇ ਇਕ ਬੁੱਢਾ ਬਾਬਾ ਪ੍ਰਵੇਸ਼ ਕਰਦਾ ਹੈ। ਸਧਾਰਣ ਕੱਪੜਿਆਂ ਵਾਲਾ ਇਹ ਬਜ਼ੁਰਗ ਬੜਾ ਕਮਜ਼ੋਰ ਤੇ ਰੁਲਿਆ ਹੋਇਆ ਮਹਿਸੂਸ ਹੁੰਦਾ ਹੈ।ਇਹ ਇਸ ਨਾਟਕ ਦਾ ਸੂਤਰਧਾਰ ਹੈ। ਇਸਦੇ ਸਾਰੇ ਸੰਵਾਦਾਂ ਦੌਰਾਨ ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਜਹਾਜ਼ਾਂ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਮੱਧਮ ਪੈਦੀ ਰਹਿੰਦੀ ਹੈ।)

ਸੂਤਰਧਾਰ: ਮੈਂ ਆਜ਼ਾਦੀ ਦਾ ਸੁਪਨਾ ਹਾਂ। ਦੇਵਤਿਆਂ ਤੇ ਰਾਖਸ਼ਾਂ ਨੇ ਜਦ ਸਮੁੰਦਰ ਰਿੜਕਿਆ ਸੀ ਤਾਂ ਉਸ ਚੋਂ ਨਿਕਲਣ ਵਾਲਾ ਇਕ ਰਤਨ ਮੈਂ ਵੀ ਸਾਂ। ਦੇਵਤੇ ਤੇ ਰਾਖਸ਼ ਅੰਮ੍ਰਿਤ ਲਈ ਲੜਦੇ ਬੇਧਿਆਨੀ ਵਿਚ ਮੈਨੂੰ ਸਮੁੰਦਰ ਦੇ ਕਿਨਾਰੇ ਹੀ ਸੁੱਟ ਗਏ।ਸਮੁੰਦਰ ਦੇ ਕੰਢਿਓ ਹੀ ਇਕ ਇਨਸਾਨ ਨੇ ਮੈਨੂੰ ਚੁੱਕਿਆ ਤੇ ਦਿਲ ਵਾਲੀ ਜੇਬੀ 'ਚ ਲੁਕਾ ਲਿਆ। ਮੈਨੂੰ ਪਾ ਕੇ ਇਨਸਾਨ ਵਿੱਚ ਦੇਵਤਿਆਂ ਤੇ ਰਾਖਸ਼ਾਂ ਹੱਥੋਂ ਅਪਣੀ ਗੁਲਾਮੀ ਦਾ ਅਹਿਸਾਸ ਜਾਗਿਆ। ਉਹ ਆਜ਼ਾਦੀ ਲਈ ਤੜਪ ਉਠਿਆ। ਆਜ਼ਾਦੀ ਜੋ ਇਨਸਾਨ ਦਾ ਜਮਾਂਦਰੂ ਹੱਕ ਸੀ।ਉਸਨੇ, ਅੰਮ੍ਰਿਤ ਦਾ ਲਾਲਚ ਅਤੇ ਜ਼ਹਿਰ ਦਾ ਡਰ ਦੇ ਕੇ, ਗੁਲਾਮ ਕਰਨੀਆਂ ਤਾਕਤਾਂ ਵਿਰੁੱਧ ਸੰਗ੍ਰਾਮ ਛੇੜਿਆ। ਆਜ਼ਾਦੀ ਦੇ ਪ੍ਰਵਾਨਿਆਂ, ਇਨਸਾਨਾ, ਨੇ ਅਪਣੇ ਤਨਾਂ ਦੇ ਬੇੜੇ ਬਣਾ ਕੇ ਰੂਹ ਦੇ ਚੱਪੂਆਂ ਨਾਲ ਜ਼ਿੰਦਗੀ ਦੀ ਲਹਿਰ ਲਹਿਰ ਵਿਚ ਆਜ਼ਾਦੀ ਦੇ ਬੀਜ, ਬੀਜ ਦਿੱਤੇ। ਆਜ਼ਾਦੀ ਦੇ ਇਹਨਾਂ ਹੀ ਬੇੜਿਆਂ ਵਿੱਚੋਂ ਇਕ ਸੀ ਇਹ ਜਹਾਜ਼ ਜੋ ਮਨੁੱਖਤਾ ਦੀ "ਪੂਰਨ ਆਜ਼ਾਦੀ" ਦਾ ਸੁਪਨਾ ਸਾਕਾਰ ਕਰਨ ਲਈ ਹਿੰਦੁਸਤਾਨ ਵੱਲ ਜਾ ਰਿਹਾ ਸੀ।

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਜਹਾਜ਼ਾਂ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਹੌਲੀ ਹੌਲੀ ਮੱਧਮ ਪੈਦੀ ਹੈ।)

# Azadi De Jahaz

## ਸੀਨ-2

ਦੋ ਬੰਦੇ ਸਟੇਜ ਤੇ ਪ੍ਰਵੇਸ਼ ਕਰਦੇ ਹਨ। ਦੋਨੋ ਜਣੇ ਸੂਟਿਡ ਬੂਟਿਡ ਹਨ। ਇਕ ਲੀਡਰ ਜਿਹਾ ਦਿਸਦਾ ਬੰਦਾ ਪੱਗੜੀਧਾਰੀ ਹੈ ਜਦ ਕਿ ਦੂਜਾ ਮੋਨਾ। ਮੋਨਾ ਬੰਦਾ ਪੈਰ ਕੁਝ ਪਿਛਾਂਹ ਪਿਛਾਂਹ ਪੁੱਟ ਰਿਹਾ ਜਾਪਦਾ ਹੈ ਤੇ ਜੱਕੋ ਤੱਕੀ ਵਿਚ ਪਗੜੀਧਾਰੀ ਦੇ ਪਿੱਛੇ ਪਿੱਛੇ ਤੁਰ ਰਿਹਾ ਹੈ।

ਪਾਲਾ ਸਿੰਹੁ: (ਪਿੱਛੇ ਭੁਆਂ ਕੇ ਮੋਨੇ ਬੰਦੇ ਵੱਲ ਵੇਖਦਿਆਂ) ਓਏ ਤੁਰਿਆ ਆ ਵਤਨ ਸਿੰਹਾਂ! ਤੂੰ ਤਾਂ ਐਉਂ ਤੁਰਦੈਂ ਜਿਵੇਂ ਲੱਤਾਂ ਨੂੰ ਜੂੜ ਪਿਆ ਹੋਵੇ।

ਵਤਨਾ: ਪਾਲਾ ਸਿੰਹਾਂ ਆ ਤਾਂ ਮੈਂ ਜਾਨਾ ਪਰ ਫਿਰ ਵੀ ਇਕ ਵੇਰ ਸੋਚ ਲੈ...ਸਹੁੰ ਰੱਬ ਦੀ ਸੱਚ ਕਹਿੰਨੈ, ਆਹ ਛੇ ਕੁ ਮਹੀਨੇ ਪਹਿਲਾਂ ਏਥੇ ਹੀ ਹਾਂਗਕਾਂਗ ਦੇ ਇਸੇ ਘਾਟ ਤੇ ਇਨਕਲਾਬੀਆਂ ਦੇ ਜਲਸੇ 'ਚ ਇਕ ਮੁਖਬਰ ਫੜਿਆ ਗਿਆ ਸੀ...!!

ਪਾਲਾ ਸਿੰਹੁ:ਉਏ ਕਾਹਨੂੰ ਮੋਕ ਮਾਰਦੈਂ, ਮੈਂ ਕਿਹਾ ਕਾਹਨੂੰ...ਭਲਾ। ਤੇਰੇ ਤੇ ਮੇਰੇ ਮੂੰਹ ਤੇ ਲਿਖਿਆ ਕਿ ਅਸੀਂ ਮੁਖਬਰ ਆਂ। ਤੂੰ ਏਥੇ ਹਾਗਕਾਂਗ ਦਾ ਰਹਿਣ ਵਾਲਾ। ਸਾਰੇ ਤੈਨੂੰ ਜਾਣਦੇ ਬੁੱਝਦੇ ਤੇ ਮੈਂ ਤੇਰਾ ਹੁਣੇ ਹੁਣੇ ਦੇਸੋਂ ਆਇਆ ਰਿਸ਼ਤੇਦਾਰ...ਜਲਸਾ ਦੇਖਣ ਚੱਲੇ ਆਂ...।

ਵਤਨਾ: ਉਹ ਤੇ ਤੇਰੀ ਗੱਲ ਠੀਕ ਆ ਪਾਲਾ ਸਿੰਹਾਂ ਪਰ...!!!

ਪਾਲਾ ਸਿੰਹੁ:ਪਰ ਕੀ...??

ਵਤਨਾ: ਜੇ ਫੜੇ ਗਏ ਤਾਂ ਸਹੁੰ ਰੱਬ ਦੀ ਇਨਕਲਾਬੀ ਕੁੱਟਦੇ ਛੱਲੀਆਂ ਵਾਂਗੂੰ ਆ...।

ਪਾਲਾ ਸਿੰਹੁ: (ਤੁਰਿਆ ਜਾਂਦਾ ਰੁਕ ਕੇ) ਲੈ ਫੇਅ ਤੇਰਾ ਇਹ ਡਰ ਵੀ ਲਾਹ ਈ ਦਿੰਨੇ ਆਂ....

ਵਤਨਾ: ਉਹ ਕਿਵੇਂ?

ਪਾਲਾ ਸਿੰਹੁ: ਉਰੇ ਹੋ ਜ਼ਰਾ...(ਵਤਨਾ ਉਹਦੇ ਕੋਲ ਨੂੰ ਹੁੰਦਾ ਹੈ) ਹੋਰ ਨੇੜੇ ਐਧਰ ਆ ਜ਼ਰਾ (ਥੱਲੇ ਨੂੰ ਝੁਕ ਕੇ ਆਲਾ ਦੁਆਲਾ ਵੇਖਦਿਆਂ ਅਪਣੇ ਕੋਟ ਦੀ ਅੰਦਰਲੀ ਜੇਬੀ ਚੋਂ ਰਿਵਾਲਵਰ ਕੱਢਦਾ ਹੈ) ਆਹ ਪਤਾ ਕੀ ਸ਼ੈ...?

ਵਤਨਾ: (ਇਕ ਦਮ ਪਿਛਾਂਹ ਹਟਦਿਆਂ) ਉਏ ਇਹਨੂੰ ਪਰ੍ਹੇ ਈ ਰੱਖ ਮੈਨੂੰ ਪਤਾ ਇਹ ਕੀ ਸ਼ੈਅ... (ਕੰਬਣ ਲੱਗਦਾ ਹੈ)

ਪਾਲਾ ਸਿੰਹੁ:(ਠਾਹਕਾ ਲਗਾ ਕੇ ਹੱਸਦਿਆਂ) ਓਏ ਕਮਾਲ ਆ ਵਤਨਿਆਂ....ਤੂੰ ਤਾਂ ਕੰਬਣ ਈ ਲੱਗ ਪਿਆ...ਉਏ ਇਹ ਤਾਂ ਕਾਂਬੇ ਕੂੰਬੇ ਲਾਹੁਣ ਵਾਲੀ ਚੀਜ਼ ਆ...। ਤੈਨੂੰ ਪਤਾ ਇਹ ਮੈਨੂੰ ਕਿਹਨੇ ਦਿੱਤਾ..?

ਵਤਨਾ: ਕਿਹਨੇ?

ਪਾਲਾ ਸਿੰਹੁ: ਸਾਡੇ ਜ਼ਿਲ੍ਹੇ ਦੇ ਗੋਰੇ ਪੁਲਿਸ ਕਮਿਸ਼ਨਰ ਨੇ। (ਮਾਣ ਨਾਲ ਧੌਣ ਅਕੜਾ ਕੇ) ਮੇਰੀ ਪਿੱਠ ਠੋਕ ਕੇ ਬੋਲਿਆ,"ਪਾਲਾ ਸਿੰਨਗ ਬੱਸ ਹਾਂਗਕਾਂਗ ਸੇ ਰਿਪੋਰਟ ਕਰਤੇ ਰਹਿਨਾ। ਜਬ ਕਭੀ ਕੋਈ ਮੁਸ਼ਿਕਲ ਬਨੇ ਤੋ ਬੱਸ "ਯੇਹ" ਦਬਾ ਦੇਨਾ (ਰਿਵਾਲਵਰ ਦੇ ਟਰਿਗਰ ਤੇ ਉਂਗਲ ਰੱਖਦਾ ਹੈ)...ਤੁਮੇ ਕੁਛ ਨਹੀਂ ਹੋ ਸਕਤਾ।"

ਵਤਨਾ: (ਹੋਰ ਪਿਛਾਹ ਹਟਦਿਆਂ) ਉਏ ਮੈਂ ਕਿਹਾ ਇਹਨੂੰ ਪਰੇ ਈ ਰੱਖ ਭਰਾਵਾ...ਤੇਰਾ ਕੀ ਪਤਾ ਐਂਵੇ ਏਥੇ ਹੀ "ਯੇਹ ਦਬਾ" ਦੇਵੇਂ...!!

ਪਾਲਾ ਸਿੰਹੁ:(ਤੇਵਰ ਬਦਲ ਕੇ) ਅੱਛਾ ਬਈ ਵਤਨ ਸਿੰਹਾਂ...ਤੇਰੀ ਮਰਜ਼ੀ। ਮੈਂ ਤਾਂ ਅਗਲੀ ਰਿਪੋਰਟ ਨਾਲ ਤੇਰਾ ਨਾਂ ਸਹਾਇਕ ਦੇ ਤੌਰ ਤੇ ਸਾਹਬ ਨੂੰ ਭੇਜਣ ਵਾਲਾ ਸੀ। ਇਕ ਰਿਪੋਰਟ ਤੇ ਇਕ ਵੱਡਾ ਇਨਕਲਾਬੀ ਫੜੇ ਜਾਣ ਤੇ ਅੱਧਾ ਮੁਰੱਬਾ ਤੇਰਾ ਪੱਕਾ ਸੀ। ਪਰ ਤੂੰ...ਅੱਛਾ ਬਈ ਇਵੇਂ ਤਾਂ ਇਵੇਂ ਸਹੀ।

ਵਤਨਾ: (ਮੁਰੱਬੇ ਦੇ ਨਾ ਤੇ ਬੁੱਲਾਂ ਤੇ ਜੀਭ ਫੇਰਦਾ ਹੈ) ਲੈ ਪਾਲਾ ਸਿੰਹਾਂ ਤੂੰ ਤਾਂ ਨਾਰਾਜ਼ ਈ ਹੋ ਪਿਆ ਯਾਰ! ਮੈਂ ਤਾਂ ਜ਼ਰਾ ਐਂਵੇ....(ਬਦਲ ਕੇ) ਤੈਨੂੰ ਪਤੈ ਬਈ ਮੇਰੀ ਅੱਜ ਪਹਿਲੀ ਪਹਿਲੀ ਵੇਰ ਸੀ ਸੋ ਐਂਵੇ ਚਿੱਤ ਘਾਊਂ-ਮਾਊਂ ਜਿਹਾ ਹੋਣ ਡਹਿ ਪਿਆ ਸੀ। ਨਾਲੇ ਤੂੰ ਨਾਲ ਐਂ..."ਯੇਹ" ਨਾਲ ਐ...ਫਿਰ ਅਪਣੇ ਕਿਹੜਾ ਮੂੰਹ ਤੇ ਲਿਖਿਆ ਬਈ ਅਸੀਂ ਮੁਖਬਰ ਆਂ।

ਪਾਲਾ ਸਿੰਹੁ: ਇਕ ਵੇਰ ਚੱਜ ਨਾਲ ਸੋਚ ਲੈ...

ਵਤਨਾ: ਸੋਚਣਾ ਕੀ ਆ...ਕਮਾਲ ਕਰਦੈਂ ਤੂੰ ਪਾਲਾ ਸਿੰਹਾਂ...ਤੂੰ ਅਪਣਾ ਆਹ "ਯੇਹ" ਜ਼ਰਾ ਟਿਕਾਣੇ ਸਿਰ ਕਰ ਲੈ ਫਿਰ ਤੈਨੂੰ ਕੰਮ ਦੀ ਗੱਲ ਦੱਸਾਂ..।

ਪਾਲਾ ਸਿੰਹੁ: (ਰਿਵਾਲਵਰ ਮੁੜ ਕੋਟ 'ਚ ਲੁਕਾ ਕੇ) ਕੰਮ ਦੀ ਗੱਲ...ਹਾਂ ਛੇਤੀ ਦੱਸ...!!! (ਜੇਬ ਨਾਲੋਂ ਪੈੱਨ ਤੇ ਕੋਟ ਚੋਂ ਇਕ ਨਿੱਕੀ ਜਿਹੀ ਡਾਇਰੀ ਕੱਢ ਕੇ ਉਸਦੇ ਲਾਗੇ ਹੁੰਦਿਆਂ)

ਵਤਨਾ: ਆਹ ਜਿਹੜਾ ਜਹਾਜ ਪਰਸੋਂ ਦਾ ਹਾਂਗਕਾਂਗ ਘਾਟ ਤੇ ਲੱਗਾ ਹੋਇਆ...ਇਹਦੇ 'ਚ ਮਨੀਲੇ ਤੋਂ ਵੀ 15-20 ਇਨਕਲਾਬੀ ਲੱਥੇ ਆ। ਉਹਨਾਂ 'ਚ ਇਕ ਬੀਬੀ ਵੀ ਆ...!!

ਪਾਲਾ ਸਿੰਹੁ: ਇਨਕਲਾਬਣ...??

ਵਤਨਾ: ਆਹੋ...।

ਪਾਲਾ ਸਿੰਹੁ:(ਚੌਧਰ ਨਾਲ) ਨਾਮ?

ਵਤਨਾ: ਗੁਲਾਬ ਕੌਰ।

ਪਾਲਾ ਸਿੰਹੁ: ਪਿੰਡ?

ਵਤਨਾ: ਬਖਸ਼ੀਵਾਲ (ਸੰਗਰੂਰ)

ਪਾਲਾ ਸਿੰਹੁ:ਹੋਰ ਕੋਈ ਤਫਸੀਲ?

ਵਤਨਾ: ਪਿਛਲੀ ਵੇਰ ਜਿਹੜਾ ਜਹਾਜ ਇਨਕਲਾਬੀਆਂ ਦਾ ਹਿੰਦੁਸਤਾਨ ਗਿਆ ਸੀ ਤਾਂ ਉਹ ਇਨਕਲਾਬੀ ਮਨੀਲੇ ਰੁਕੇ। ਉਥੇ ਉਹਨਾਂ ਜਲਸਾ ਕੀਤਾ। ਲੋਕਾਂ ਨੇ ਗਦਰ ਮਚਾਉਣ

## Azadi De Jahaz

ਹਿੰਦੁਸਤਾਨ ਜਾਣ ਲਈ ਅਪਣੇ ਨਾਂ ਲਿਖਵਾਏ। ਗੁਲਾਬ ਕੌਰ ਦੇ ਪਤੀ ਨੇ ਪਹਿਲਾਂ ਤਾਂ ਜੋਸ਼ 'ਚ ਆ ਕੇ ਅਪਣਾ ਨਾਂ ਲਿਖਾ ਲਿਆ ਪਰ…

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਜਹਾਜ਼ਾਂ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਹੌਲੀ ਹੌਲੀ ਮੱਧਮ ਪੈਂਦੀ ਹੈ।ਸਟੇਜ ਤੇ ਹਨੇਰਾ ਹੌਲੀ ਹੌਲੀ ਪਸਰਦਾ ਹੈ।ਵਤਨਾ ਤੇ ਪਾਲਾ ਅਪਣੀ ਥਾਂ ਸਟਿੱਲ ਹੋ ਜਾਂਦੇ ਹਨ। ਪਰਦਾ। ਸਟੇਜ ਤੇ ਮੁੜ ਰੋਸ਼ਨੀ।ਇਕ ਨੌਜਵਾਨ ਔਰਤ ਸਜੀ ਧਜੀ, ਘਰ ਦੇ ਅੰਦਰ ਰੁੱਝੀ ਹੋਈ ਇਧਰ ਉਧਰ ਘੁੰਮਦੀ ਕਾਹਲ ਜਿਹੀ ‘ਚ ਨਜਰ ਆ ਰਹੀ ਹੈ।ਇਕ 10-12 ਸਾਲ ਦੀ ਕੁੜੀ ਪ੍ਰਵੇਸ਼ ਕਰਦੀ ਹੈ।)

### ਫਲੈਸ਼ -1

ਕੁੜੀ: ਮਾਸੀ ਜੀ ਸਸਰੀ ਕਾਲ!!

ਔਰਤ: ਸਸਰੀ ਕਾਲ ਸ਼ਿੰਦੀਏ। ਮਾਸੜ ਤੁਹਾਡੇ ਕੰਨੀ ਤਾਂ ਨਹੀਂ ਭਲਾ?

ਕੁੜੀ: ਨਹੀਂ ਤਾਂ। ਕਿਉਂ?

ਔਰਤ: ਜਹਾਜ ਤੁਰਨ ਦਾ ਵੇਲਾ ਹੋ ਗਿਐ। ਪਤਾ ਨਈਂ ਕਿੱਧਰ ਨਿਕਲਗੇ?? ਦੋ ਵਾਰੀ ਇਨਕਲਾਬੀਆਂ ਦਾ ਸੁਨੇਹਾ ਆ ਚੁੱਕੈ!!

ਕੁੜੀ: ਨੀ ਮਾਸੀ! ਮਾਸੜ ਵੀ ਜਾ ਰਿਹੈ ਇਨਕਲਾਬੀਆਂ ਨਾਲ?

ਔਰਤ: (ਮੁਸਕਰਾ ਕੇ) ਆਹੋ। (ਰਤਾ ਗੰਭੀਰ ਹੁੰਦਿਆਂ) ਅਸਲ ‘ਚ ਸ਼ਿੰਦੀਏ ਜਾਣਾ ਤਾਂ ਸਾਡਾ ਸਾਰਿਆਂ ਦਾ ਬਣਦੈ।

(ਔਰਤ ਦੇ ਗੱਲ ਮੂੰਹ ‘ਚ ਹੀ ਹੈ ਕਿ ਇਕ 35-40 ਸਾਲਾ ਆਦਮੀ ਸਿਰ ਤੇ ਪੱਗ ਤੇ ਪੈਂਟ ਕਮੀਜ ਪਹਿਨੀ ਲੜਖੜਾਉਂਦਾ ਸਟੇਜ ਤੇ ਪ੍ਰਵੇਸ਼ ਕਰਦਾ ਹੈ।ਸ਼ਿੰਦੀ ਤੇ ਮਾਸੀ ਉਸ ਵੱਲ ਆਵਾਕ ਵੇਖਦੀਆਂ ਰਹਿ ਜਾਂਦੀਆਂ ਹਨ।)

ਔਰਤ: ਹਾਅ! ਮੈਂ ਮਰ ਗਈ…ਤੁਸੀਂ …ਹਾਅ ਕੀ?

ਆਦਮੀ: (ਕੁਰਸੀ ਤੇ ਢੇਰੀ ਜਿਹਾ ਹੁੰਦਿਆਂ) ਰੋਟੀ ਲਿਆ। ਬਣਾਈ ਕਿ ਨਈਂ??

ਔਰਤ: ਤੁਸੀਂ ਜਾਣਾ ਨਈਂ, ਦੋ ਵੇਰ ਸੱਦ ਗਏ ਨੇ ਅਗਲੇ!

ਆਦਮੀ: (ਔਰਤ ਨੂੰ ਬਾਹੋਂ ਫੜ ਕੇ ਨਾਲ ਦੀ ਕੁਰਸੀ ਤੇ ਬਿਠਾਉਂਦਿਆਂ) ਗੁਲਾਬ ਕੌਰੇ, ਮੈਂ ਬੜੀ ਸੋਚ ਵਿਚਾਰ ਮਗਰੋਂ, ਫੈਸਲਾ ਕੀਤੈ, ਕਿ ਮੈਂ ਨਈਂ ਜਾਣਾ।

ਗੁਲਾਬ ਕੌਰ: (ਇਕਦਮ ਖੜੀ ਹੁੰਦਿਆਂ) ਕਿਉਂ? ਪਹਿਲਾਂ ਨਾਉਂ ਕਿਉਂ ਲਿਖਾਇਆ ਸੀ?

ਆਦਮੀ: ਉਹ ਨਾ-ਨੂੰਅ ਤਾਂ ਬਥੇਰੇ ਲਿਖਾਉਂਦੇ ਫਿਰਦੇ ਆ। ਪਰ ਅਪਣਾ ਨਫਾ-ਨਖਸਾਨ ਵੀ ਤਾਂ ਵੇਖਣਾ ਹੋਇਆ।

## Azadi De Jahaz

ਗੁਲਾਬ ਕੌਰ: ਨਫਾ-ਨਖਸਾਨ??!!

ਆਦਮੀ: ਆਹੋ!! ਨਫਾ-ਨਖਸਾਨ। (ਖੜਾ ਹੋਣ ਦੀ ਕੋਸ਼ਿਸ਼ ਕਰਦਾ ਹੈ ਪਰ ਫਿਰ ਕੁਰਸੀ ਤੇ ਢਹਿ ਪੈਂਦਾ ਹੈ) ਕੀ ਕਰਾਂਗੇ ਜਾ ਕੇ ਆਪਾਂ...ਕਿੱਥੇ ਗੋਰੀ ਹਕੂਮਤ ਤੇ ਕਿੱਥੇ ਆਪਾਂ...ਕੀ ਲਵਾਂਗੇ ...ਅਣਿਆਈ ਮੌਤ..ਬੜੇ ਸੋਹਣੇ ਏਥੇ ਸੈੱਟ ਆਂ...ਵੱਡੇ ਵੱਡੇਰੇ ਕਹਿੰਦੇ ਆ ਮੁਕਾਬਲਾ ਬਰਾਬਰ ਦੇ ਨਾਲ ਕਰੀਏ...

ਗੁਲਾਬ ਕੌਰ: (ਗੁੱਸੇ ਅਤੇ ਜੋਸ਼ ਮਿਲੇ ਪ੍ਰਭਾਵ ਨਾਲ)

ਵੱਡੇ...ਵੱਡੇਰੇ!! ਵੱਡੇ...ਵੱਡੇਰੇ ਤਾਂ ਇੱਕ ਇੱਕ ਸਵਾ ਲੱਖ ਮੂਹਰੇ ਡਟੇ...ਬੰਦ ਬੰਦ ਕਟਾ ਗਏ ਪਰ ਗੁਲਾਮੀ ਕਬੂਲ ਨਾ ਕੀਤੀ...ਕਿਹੜੇ ਵੱਡੇ...ਵੱਡੇਰੇਆਂ ਦੀ ਗੱਲ ਹੈ ਇਹ।ਜਿਸ ਕੌਮ ਦੇ ਵੱਡੇ...ਵੱਡੇਰੇਆਂ ਕੌਮ ਦੀ ਆਨ-ਸ਼ਾਨ ਤੇ ਆਜਾਦੀ ਖਾਤਰ ਅਪਣਾ ਸੱਭੋ ਕੁਝ ਦਾਉ ਤੇ ਲਾਇਆ ਪਰ ਪੱਗ ਨਾ ਗੁਆਈ ਅੱਜ ਓਸ ਕੌਮ ਦੀ ਇੱਜਤ-ਆਨ-ਸ਼ਾਨ ਖਤਰੇ ‘ਚ ਐ ਤੇ ਅਸੀਂ ਉਹਨਾਂ ਦੇ ਪੁੱਤ ਧੀਆਂ ਘਰ ਬੈਠੇ ਨਫੇ-ਨੁਖਸਾਨ ਪਰਖ ਰਹੇ ਹਾਂ...ਲਾਅਣਤ ਹੈ ਸਾਡੇ ਜੀਣ ਤੇ...

ਆਦਮੀ: ਇਹ ਭਾਸ਼ਨਬਾਜੀ ਅਪਣੀ ਥਾਂ ਏ ਗੁਲਾਬ ਕੌਰੇ ਤੇ ਜ਼ਿੰਦਗੀ ਦੇ ਨਫੇ-ਨਖਸਾਨ ਅਪਣੀ ਥਾਂ...

ਗੁਲਾਬ ਕੌਰ: ਜਦੋਂ ਬੰਦਾ ਹਰ ਗੱਲ ‘ਚ ਨਫਾ-ਨੁਖਸਾਨ ਵੇਖਣ ਲੱਗ ਪਵੇ ਤਾਂ ਬੰਦਾ ਬੰਦਾ ਨਈਂ ਰਹਿੰਦਾ...ਜਮੀਰ ਜਮੀਰ ਨਈਂ ਰਹਿੰਦੀ...ਪੱਗ ਪੱਗ ਨਈਂ ਰਹਿੰਦੀ।

(ਬੀਬੀ ਗੁਲਾਬ ਕੌਰ, ਨਸ਼ੇ ‘ਚ ਧੁੱਤ, ਅਪਣੇ ਆਦਮੀ ਸਿਰੋਂ ਝਪਟ ਕੇ ਪੱਗ ਲਾਹ ਲੈਂਦੀ ਹੈ ਤੇ ਅਪਣੇ ਸਿਰ ਤੇ ਰੱਖ ਕੇ ਬਾਹਰ ਵੱਲ ਨਿਕਲਣ ਲਗਦੀ ਹੈ। ਆਦਮੀ ਮੁੜ ਜਰਾ ਉਠਣ ਦੀ ਕੋਸ਼ਿਸ਼ ਕਰਦਾ ਹੈ ਪਰ ਉਠਦਾ ਨਈਂ ਤੇ ਆਵਾਕ ਗੁਲਾਬ ਕੌਰ ਵੱਲ ਵੇਖਦਾ ਰਹਿ ਜਾਂਦਾ ਹੈ। ਸ਼ਿੰਦੀ ਅਗਾਂਹ ਹੋ ਕੇ ਗੁਲਾਬ ਕੌਰ ਦੀ ਬਾਂਹ ਫੜ ਲੈਂਦੀ ਹੈ)

ਸ਼ਿੰਦੀ: ਨੀ ਮਾਸੀਏ! ਇਹ ਕੀ?

ਗੁਲਾਬ ਕੌਰ: ਧੀਏ ਅਪਣੀ ਕੌਮੀ ਪ੍ਰੰਪਰਾ ਇਹੀ ਹੈ ਕਿ ਜਦ ਮਰਦ ਪੱਗ ਦੀ ਲਾਜ ਬਚਾਉਣੋਂ ਪਿੱਠ ਵਿਖਾ ਜਾਣ ਤਾਂ ਤੀਵੀਆਂ ਰਣ ਤੱਤੇ ‘ਚ ਕੁੱਦ-ਦੀਆਂ ਹਨ।

ਸ਼ਿੰਦੀ: ਮਾਸੀ, ਮੈਂ ਵੀ ਤੇਰੇ ਨਾਲ ਜਾਊਂ...!!

ਗੁਲਾਬ ਕੌਰ: ਨਈਂ ਮੇਰੀਏ ਬੱਚੀਏ! ਤੁਸੀਂ ਸਾਡੀ ਉਡੀਕ ਕਰਨਾ, ਅਸੀਂ ਅਪਣੀ ਧਰਤੀ ਮਾਂ ਨੂੰ ਆਜਾਦ ਕਰਵਾ ਕੇ ਤੁਹਾਨੂੰ ਆਜਾਦ ਧਰਤੀ ਤੇ ਲੈ ਕੇ ਜਾਵਾਂਗੇ...ਉਹ ਧਰਤੀ ਜਿੱਥੇ ਤੁਸੀਂ ਸਾਡੇ ਪੁੱਤ ਧੀਆਂ ਆਜ਼ਾਦੀ ਦਾ ਨਿੱਘ ਮਾਣ ਸਕੋਂਗੇ।

ਸ਼ਿੰਦੀ: ਮਾਸੀ ਜੇ ਤੁਸੀਂ ਨਾ ਮੁੜੇ ਤਾਂ...?

ਗੁਲਾਬ ਕੌਰ: ਤਦ ਧੀਏ ਤੁਸੀਂ ਸਾਡੇ ਆਲੇ ਰਾਹੀਂ ਆ ਜਾਣਾ...ਅਸੀਂ ਭਾਵੇਂ ਨਾ ਵੀ ਰਹਾਂਗੇ ਪਰ ਸਾਡੇ ਸੁਪਨੇ ਤੁਹਾਡਾ ਰਾਹ ਵੇਖਣਗੇ।(ਸ਼ਿੰਦੀ ਦੇ ਸਿਰ ਤੇ ਪਿਆਰ ਦਿੰਦਿਆਂ) ਅੱਛਾ ਧੀਏ ਮੈਂ ਚੱਲਾਂ ਕਿਤੇ ਕੁਵੇਲਾ ਨਾ ਹੋ ਜਾਵੇ...(ਸ਼ਿੰਦੀ ਖੜੀ ਦੇਖਦੀ ਰਹਿ ਜਾਂਦੀ ਹੈ। ਗੁਲਾਬ ਕੌਰ ਸਿਰ

ਤੇ ਪੱਗ ਰੱਖੀ ਬੜੀ ਜੋਸ਼ 'ਚ ਦਰੋਂ ਨਿਕਲ ਜਾਂਦੀ ਹੈ)

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਬੇੜਿਆਂ ਆਦਿ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਹੌਲੀ ਹੌਲੀ ਮੱਧਮ ਪੈਦੀ ਹੈ।ਸਟੇਜ ਤੇ ਹਨੇਰਾ ਹੌਲੀ ਹੌਲੀ ਪਸਰਦਾ ਹੈ।ਪਰਦਾ। ਸਟੇਜ ਤੇ ਮੁੜ ਰੋਸ਼ਨੀ ਅਤੇ ਪਹਿਲਾਂ ਵਾਲਾ ਦ੍ਰਿਸ਼ ਤੇ ਸਟਿੱਲ ਹੋਏ ਪਾਤਰ ਹਰਕਤ 'ਚ ਆ ਜਾਂਦੇ ਹਨ)

ਪਾਲਾ ਸਿੰਹੁ:(ਜੋ ਹੁਣ ਤੀਕ ਡਾਇਰੀ 'ਚ ਕੁਝ ਨੋਟ ਕਰ ਰਿਹਾ ਸੀ। ਡਾਇਰੀ ਤੇ ਪੈਨ ਬੰਦ ਕਰ ਕੇ ਜੇਬ 'ਚ ਪਾਉਂਦਿਆਂ) ਅੱਛਾ! ਚੱਲ ਦੇਖਦੇ ਆਂ ਤੇਰੀ ਇਨਕਲਾਬਣ ਗੁਲਾਬ ਕੌਰ ਨੂੰ।...ਬੱਸ ਇੱਕ ਗੱਲ ਚੇਤੇ ਰੱਖੀਂ ਨਾਹਰੇ ਤੇ ਜੈਕਾਰੇ  ਗੱਜ ਵੱਜ ਕੇ ਲਾਉਣੇ ਆ...

ਵਤਨਾ: ਤੂੰ ਵਹਿਮ ਨਾ ਕਰ...ਹੁਣ ਯਾਰ ਕਾਇਮ ਆ ਕਿ...ਨਾਲੇ

ਪਾਲਾ ਸਿੰਹੁ:ਨਾਲੇ ਕੀ?

ਵਤਨਾ: "ਯੇਹ" ਹੈ ਨਾ ਅਪਣੇ ਕੋਲ...ਗੋਰੇ ਕਮਿਸ਼ਨਰ ਦਾ ਤੋਹਫਾ...

(ਦੋਵੇਂ ਠਾਹਕਾ ਮਾਰ ਕੇ ਹੱਸਦੇ ਹਨ)

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਬੇੜਿਆਂ ਆਦਿ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਹੌਲੀ ਹੌਲੀ ਮੱਧਮ ਪੈਦੀ ਹੈ।ਸਟੇਜ ਤੇ ਹਨੇਰਾ ਹੌਲੀ ਹੌਲੀ ਪਸਰਦਾ ਹੈ।)

## Azadi De Jahaz

**ਸੀਨ –3**

ਹਾਂਗਕਾਂਗ ਦੇ ਘਾਟ ਤੇ ਇਨਕਲਾਬੀਆਂ ਦਾ ਜਲਸਾ ਹੋ ਰਿਹਾ ਹੈ। ਲਾਗੇ ਹੀ ਸਮੁੰਦਰੀ ਜ਼ਹਾਜ਼ ਖੜਾ ਵਿਖਾਈ ਦੇ ਰਿਹਾ ਹੈ। 25–30 ਕੁ ਜਣੇ, ਜਿਹਨਾਂ ਵਿਚ ਬਹੁਤੇ ਮਰਦ,ਕੁਝ ਔਰਤਾਂ ਤੇ ਬੱਚੇ ਹਨ, ਖਿਲਰਵੇਂ ਜਿਹੇ ਬੈਠੇ ਹਨ। ਇਨਕਲਾਬੀ ਲੀਡਰ ਵਾਰੋ ਵਾਰੀ ਉਠ ਕੇ ਤਕਰੀਰਾਂ ਕਰ ਰਹੇ ਹਨ। ਹੁਣ ਬੀਬੀ ਗੁਲਾਬ ਕੌਰ ਬੋਲ ਰਹੀ ਹੈ।ਪਾਲਾ ਸਿੰਘ ਤੇ ਵਤਨਾ ਮਲਕੜੇ ਜਿਹੇ ਪਿੱਛੇ ਬੈਠਦੇ ਵਿਖਾਈ ਦਿੰਦੇ ਹਨ।

ਗੁਲਾਬ ਕੌਰ: ਤੁਹਾਡੀ ਵਸੋਂ ਕਿੰਨੀ ਹੈ?

ਆਵਾਜ਼ਾਂ: ਤੇਤੀ ਕਰੋੜ

ਗੁਲਾਬ ਕੌਰ: ਫਰੰਗੀਆਂ ਦੀ...?

ਆਵਾਜ਼ਾਂ: ਤਿੰਨ ਕਰੋੜ

ਗੁਲਾਬ ਕੌਰ: ਹਿੰਦੁਸਤਾਨ ਵਿਚ ਅੰਗ੍ਰੇਜ਼ ਕਿੰਨੇ ਹਨ?

ਆਵਾਜ਼ਾਂ: ਚਾਰ ਪੰਜ ਲੱਖ

ਗੁਲਾਬ ਕੌਰ: ਹੂੰ...ਅਖੇ ਚਾਰ ਪੰਜ ਲੱਖ ਤੇ ਤੁਸੀਂ 33 ਕਰੋੜ ਹਿੰਦੁਸਤਾਨੀ..!! ਫਿੱਟੇ ਮੂੰਹ...ਦੁਰ ਫਿਟੇ ਮੂੰਹ...ਡੁੱਬ ਕੇ ਮਰ ਜਾਓ ਕਿਸੇ ਥਾਂ।

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਗੁਲਾਬ ਕੌਰ: ਤੁਹਾਡਾ ਝੰਡਾ ਕਿਹੜਾ ਹੈ?

(ਜਲਸੇ ਵਿੱਚ ਚੁਪ ਛਾ ਜਾਂਦੀ ਹੈ।)

ਗੁਲਾਬ ਕੌਰ: ਮੈਂ ਪੁੱਛਦੀ ਆਂ...ਤੁਹਾਡਾ ਝੰਡਾ ਕਿਹੜਾ ਹੈ...? (ਸਭ ਚੁਪ ਹਨ।ਗੁਲਾਬ ਕੌਰ ਇਕਦਮ ਪੈਰਾਂ ਵਲੋਂ ਯੂਨੀਅਨ ਜੈਕ ਖਿੱਚ ਕੇ ਹਵਾ ਵਿਚ ਲਹਿਰਾਉਂਦੀ ਹੋਈ।)
ਆਹ!!

ਆਵਾਜ਼ਾਂ: ਹਾਂ...ਹਾਂ ਇਹ।

ਗੁਲਾਬ ਕੌਰ: ਇਹ ਤਾਂ ਫਰੰਗੀਆਂ ਦਾ ਏ...ਮੈਂ ਪੁੱਛਦੀ ਆਂ ਤੁਹਾਡਾ ਝੰਡਾ ਕਿਹੜਾ ਹੈ।...ਨਹੀਂ ਤੁਹਾਡਾ ਕੋਈ ਝੰਡਾ ਨਹੀਂ। ਤੁਹਾਡਾ ਝੰਡਾ ਨਹੀਂ ਕਿਉਂਕਿ ਤੁਹਾਡੇ ਕੋਲ ਡੰਡਾ ਨਹੀਂ। ਤੁਹਾਡੀਆਂ ਬਾਹਾਂ ਨੂੰ ਗੁਲਾਮੀਂ ਦਾ ਘੁਣ ਲੱਗਾ ਹੋਇਆ ਏ...ਤੁਸੀਂ ਝੰਡੇ ਲਈ ਡੰਡਾ ਸਾਂਭਣ ਦੇ ਕਾਬਲ ਨਹੀਂ ਰਹੇ।ਛਿਆਠ ਕਰੋੜ ਬਾਹਾਂ ਇਕ ਝੰਡਾ ਝੁਲਾਉਣ ਦੇ ਕਾਬਲ ਨਹੀਂ..? ਅੱਜ ਦੇਸਾਂ ਪ੍ਰਦੇਸਾਂ ਵਿੱਚ ਸਾਡੀ ਇੱਜ਼ਤ ਕਿਉਂ ਰੋਲੀ ਜਾ ਰਹੀ ਹੈ? ਸਿਰਫ ਇਸ ਲਈ ਕਿ ਅਸੀਂ ਗੁਲਾਮ ਹਾਂ। ਕਾਮਾਗਾਟਾ ਮਾਰੂ ਕਾਂਡ ਕਿਉਂ ਵਾਪਰਿਆ...ਕਿਵੇਂ ਵਾਪਰਿਆ? ਕਿਵੇਂ ਸਾਡੀ ਪੱਗ ਧੌਲ ਮਾਰ ਕੇ ਵੈਨਕੂਵਰ ਦੇ ਤੱਟ ਤੇ ਲਾਹੀ ਗਈ।

ਬਜਬਜ ਘਾਟ ਤੇ ਸਾਡੇ ਨਾਲ ਕੀ ਹੋਇਆ? ਵਜਾ...ਸਿਰਫ ਗੁਲਾਮੀ...ਗੁਲਾਮੀ...ਹਾਂ ਗੁਲਾਮੀਂ।

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਗੁਲਾਬ ਕੌਰ: (ਬਾਂਹ ਕੱਢ ਕੇ ਲਲਕਾਰਦਿਆਂ) ਅੱਜ ਘਾਟ ਤੇ ਖੜਾ ਇਹ ਜਹਾਜ ਸਾਨੂੰ ਆਜ਼ਾਦੀ ਤੀਕ ਪੁਜਾਉਣ ਲਈ ਆਇਐ। ਜੋ ਕਾਇਰ ਅਪਣੀ ਆਜ਼ਾਦੀ ਲਈ ਹੱਥ ਆਏ ਇਸ ਵੇਲੇ ਉੱਤੇ ਲੜਨ ਤੋਂ ਪਿਛਾਂਹ ਹਟਦਾ ਹੈ, ਜਿਸ ਵਿਚ ਇਸ ਜਹਾਜ 'ਚ ਚੜ੍ਹਨ ਦਾ ਹੌਸਲਾ ਨਹੀਂ...ਉਹ ਚੂੜੀਆਂ ਪਾ ਕੇ ਇੱਥੇ ਹਾਂਗਕਾਗ ਦੇ ਘਾਟ ਤੇ ਬੈਠਾ ਰਹੇ...(ਚੂੜੀਆਂ ਲਾਹ ਲਾਹ ਕੇ ਲੋਕਾਂ ਮੋਹਰੇ ਸੁਟਦੀ ਹੈ) ਅਸੀਂ ਤੀਵੀਆਂ ਉਹਨਾਂ ਦੇ ਥਾਂ ਲੜਾਂਗੀਆਂ। ਹਾਂ ਅਸੀਂ...ਮਾਤਾ ਗੁਜ਼ਰੀ ਦੀਆਂ ਪੋਤਰੀਆਂ...ਰਾਣੀ ਝਾਂਸੀ ਦੀਆਂ ਸਹੇਲੀਆਂ...ਮਾਤਾ ਭਾਗੋ ਦੀਆਂ ਭੈਣਾਂ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

(ਬੀਬੀ ਗੁਲਾਬ ਕੌਰ ਬੈਠ ਜਾਂਦੀ ਹੈ। ਇਕ ਨੌਜਵਾਨ, ਹਰਨਾਮ ਸਿੰਘ ਟੁੰਡੀਲਾਟ, ਜਿਸਦਾ ਸੱਜਾ ਹੱਥ ਨਹੀਂ ਹੈ ਖੜਾ ਹੁੰਦਾ ਹੈ।)

ਟੁੰਡੀਲਾਟ: ਤੁਸੀਂ ਬੀਬੀ ਗੁਲਾਬ ਕੌਰ ਨੂੰ ਸੁਣਿਐ। ਅੱਜ ਸਾਨੂੰ ਬੀਬੀ ਗੁਲਾਬ ਕੌਰ ਵਰਗੀਆਂ ਭੈਣਾਂ ਤੇ ਮਾਤਾਵਾਂ ਦੀ ਲੋੜ ਹੈ। ਏਥੇ ਘਾਟ ਤੇ ਬੈਠ ਕੇ ਗਦਰੀਆਂ ਦੀਆਂ ਤਕਰੀਰਾਂ ਸੁਣ ਕੇ ਕੰਨ ਝਾੜ ਕੇ ਚਲੇ ਜਾਣ ਦਾ ਕੋਈ ਲਾਭ ਨਹੀਂ। ਘਾਟ ਤੇ ਖੜੇ ਇਸ ਜ਼ਹਾਜ਼ ਦੇ ਸਾਇਰਨ ਨੂੰ ਰੂਹ ਦੇ ਕੰਨਾਂ ਨਾਲ ਸੁਣੋ...ਤੁਹਾਨੂੰ ਦੇਸ਼ਾਂ ਬਦੇਸ਼ਾਂ ਵਿੱਚ ਰੁਲਦੀ ਸਾਡੀ ਪੱਗ...ਇੱਜ਼ਤ ਪੱਤ ਨਾਲ ਜੀਊਣ ਲਈ ਤਰਸਦੇ ਸਾਡੇ ਮਾਂ ਪਿਓ ਭੈਣ ਭਰਾ...ਅਨਪੜ੍ਹਤਾ ਤੇ ਗ਼ਰੀਬੀ ਦੀ ਜ਼ਹਾਲਤ ਕੱਟ ਰਹੇ ਸਾਡੇ ਬੱਚੇ ਬੱਚੀਆਂ ਦੀ ਕਰੁਣਾਮਈ ਚੀਖੋ-ਪੁਕਾਰ ਸੁਣਾਈ ਦੇਵੇਗੀ।ਮੈਂ ਤੇ ਮੇਰਾ ਸਾਥੀ ਕਰਤਾਰ ਸਿੰਘ ਸਰਾਭਾ ਅਮਰੀਕਾ ਵਿੱਚ ਯੁਗਾਂਤਰ ਆਸ਼ਰਮ ਤੋਂ "ਗ਼ਦਰ ਦੀ ਗੂੰਜ" ਛਾਪਦੇ ਹਾਂ ਜਿਸਨੂੰ ਤੁਸੀਂ ਸਾਰੇ ਜਾਣਦੇ ਤੇ ਪੜ੍ਹਦੇ ਹੋ। ਰਾਤਾਂ ਜਾਗ ਜਾਗ ਕੇ ਪਰਚੇ ਤੇ ਕੰਮ ਕਰਦਿਆਂ ਜਦ ਕਦੇ ਝਪਕੀ ਆਉਣ ਲਗਦੀ ਹੈ ਤਾਂ ਕਰਤਾਰ ਕਹਿੰਦਾ ਹੈ..."ਚੱਲ ਹਰਨਾਮ ਉਹ ਕਵਿਤਾ ਪੜ੍ਹੀਏ" ਅੱਜ ਮੈਂ ਓਹੋ ਕਵਿਤਾ ਤੁਹਾਡੇ ਨਾਲ ਸਾਂਝੀ ਕਰਦਾ ਹਾਂ:

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

## Azadi De Jahaz

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਟੁੰਡੀਲਾਟ: (ਖੱਬੇ ਹੱਥ ਨੂੰ ਕੰਨ ਤੇ ਰੱਖਦਾ ਹੈ ਤੇ ਪੂਰੇ ਜੋਸ਼ ਨਾਲ ਹੇਕ ਲਾ ਕੇ ਕਵਿਤਾ ਬੋਲਦਾ ਹੈ।
ਫੈਲੀ ਹੋਈ ਸੱਜੀ ਬਾਂਹ ਦੇ ਟੁੰਡ ਤੋਂ ਕਮੀਜ਼ ਦਾ ਕਫ਼ ਝੂਲ ਰਿਹਾ ਹੈ।)
"ਹੱਕਾਂ ਦਾ ਖਿਆਲ ਕਰੋ ਸਾਂਭੋ ਦੇਸ਼ ਨੂੰ
ਕੱਢ ਦਿਓ ਫ਼ਰੰਗੀ ਭੂਤਨੇ ਮਲੇਸ਼ ਨੂੰ।
ਉੱਠੋ ਹੁਣ ਵੀਰੋ ਹੌਸਲਾ ਕਿਉਂ ਢਾਹ ਲਿਆ?
ਜ਼ਾਲਮ ਫਰੰਗੀਆਂ ਨੇ ਦੇਸ਼ ਖਾ ਲਿਆ॥

ਕੋਈ ਚੀਜ਼ ਬਿਨਾ ਨਾ ਮਸੂਲ ਛੱਡਦੇ
ਹੌਲੀ ਹੌਲੀ ਇੰਡੀਆ ਦੀ ਜੜ੍ਹ ਵੱਡਦੇ।
ਮਾਲੀਆ ਵਧਾਇਆ ਬੇਈਮਾਨ ਗੁਟਕੇ
ਜ਼ਾਲਮ ਫਰੰਗੀ ਲੈ ਗਏ ਦੇਸ਼ ਲੁਟ ਕੇ॥

ਮਾਲੀਆ ਲਗਾਇਆ ਯਾਰੋ ਸ਼ਾਮਲਾਤ ਨੂੰ
ਸੁੱਤੇ ਪਏ ਸਿੰਘ ਪੁਛਦੇ ਨਾ ਬਾਤ ਨੂੰ।
ਸਾਡੇ ਪਿੱਛੇ ਜ਼ਾਲਮਾਂ ਨਾ ਕੁਝ ਛੱਡਿਆ
ਦਾਣਾ ਪੈਸਾ ਸਾਰਾ ਹੀ ਵਲੈਤ ਕੱਢਿਆ
ਮੱਖਣ ਵਰੋਲ ਛਾਛ ਗਏ ਸੁੱਟਕੇ
ਜ਼ਾਲਮ ਫਰੰਗੀ ਲੈ ਗਏ ਦੇਸ਼ ਲੁਟ ਕੇ॥

ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ
ਯੁੱਧ ਵਿਚ ਪਵੇਗਾ ਜ਼ਰੂਰ ਮਰਨਾ।
ਮਾਰ ਲਈਏ ਵੈਰੀ ਮਰ ਜਾਈਏ ਆਪ ਜਾਂ
ਕਾਇਰਤਾ ਗ਼ਰੀਬੀ ਮੁਕ ਜਾਵੇ ਤਾਪ ਤਾਂ।
ਪਿਛਲੀ ਕਲੰਕੀ ਸਾਡੀ ਚੁੱਕੀ ਜਾਊਗੀ
ਹੋਊਗੀ ਆਜ਼ਾਦ ਨਸਲ ਸੁਖ ਪਾਊਗੀ।
ਜਾਨ ਜਾਵੇ, ਆਨ ਨੂੰ ਨਾ ਜਾਵੋ ਤੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ॥ ਓ...ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ॥

ਆਵਾਜ਼: ਇਨਕਲਾਬ!

## Azadi De Jahaz

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਟੁੰਡੀਲਾਟ: ਹਾਂ ਅੱਜ ਇਨਕਲਾਬ ਦੀ ਜ਼ਰੂਰਤ ਹੈ...ਜ਼ਰੂਰਤ ਹੈ ਹਿੰਦੁਸਤਾਨ ਵਿਚ ਗ਼ਦਰ ਕਰਨ ਵਾਲੇ ਸਿਪਾਹੀਆਂ ਦੀ ......ਤਨਖਾਹ.....ਮੌਤ! ਇਨਾਮ....ਸ਼ਹੀਦੀ!! ਪੈਨਸ਼ਨ....ਮੁਲਕ ਦੀ ਆਜ਼ਾਦੀ!!! ਜੰਗ ਦਾ ਮੈਦਾਨ....ਹਿੰਦੁਸਤਾਨ!...ਉੱਠੋ!! ਅੱਖਾਂ ਖੋਹਲੋ...ਘਾਟ ਤੇ ਖੜੇ ਇਸ ਜ਼ਹਾਜ਼ ਵਿਚ ਚੜ ਕੇ ਪੂਰਨ ਆਜ਼ਾਦੀ ਲਈ ਮੈਦਾਨ-ਏ-ਜੰਗ ਵਿੱਚ ਕੁੱਦੋ। ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

(ਟੁੰਡੀਲਾਟ ਬੈਠ ਜਾਂਦਾ ਹੈ। ਇਕ ਫੁਰਤੀਲਾ ਨੌਜਵਾਨ ,ਕਰਤਾਰ ਸਿੰਘ ਸਰਾਭਾ, ਉਮਰ ਮਸਾਂਹ ਚੌਦਾਂ ਪੰਦਰਾਂ ਵਰ੍ਹੇ ਉਠ ਕੇ ਖੜਾ ਹੁੰਦਾ ਹੈ।)

ਸਰਾਭਾ: ਅਪਣੇ ਵੀਰ ਹਰਨਾਮ ਦੀ ਇਹ ਕਵਿਤਾ ਸੁਣ ਕੇ ਮੈਂ ਜਾਗ ਪੈਂਦਾ ਹਾਂ।ਮੇਰੀ ਜਾਗ ਨੂੰ ਵੀ ਜਿਵੇਂ ਜਾਗ ਆ ਜਾਂਦੀ ਹੈ। ਇਸਦਾ ਸੱਜਾ ਹੱਥ ਉਸ ਯੁੱਧ ਦੀ ਤਿਆਰੀ ਵਿੱਚ ਉਡ ਗਿਐ ਜਿਸ ਯੁੱਧ ਲਈ ਅਸੀਂ ਅੱਜ ਘਾਟ ਤੇ ਖੜੇ ਜਹਾਜ ਵਿਚ ਸੁਆਰ ਹੋ ਕੇ ਜਾ ਰਹੇ ਹਾਂ। ਇਸ ਦਾ ਇਹ ਟੁੰਡਾ ਹੱਥ ਸਾਡੇ ਲਈ ਪੂਰਨ ਆਜ਼ਾਦੀ ਦੀ ਉਹ ਲਾਟ ਬਣ ਚੁੱਕੈ ਜੋ ਲਾਟ ਸਾਡੇ ਦਿਲਾਂ ਮਨਾਂ ਤੇ ਮਸਤਕਾਂ ਵਿਚ ਹਰ ਵਕਤ ਬਲ ਰਹੀ ਹੈ। ਇਸਦਾ ਟੁੰਡ ਸਾਨੂੰ ਹਰ ਵਕਤ ਗਲਾਮੀ ਨਾਲ ਟੁੰਡੇ ਹੁੰਦੇ ਜਾ ਰਹੇ ਸਾਡੇ ਆਪੇ ਦਾ ਚੇਤਾ ਕਰਾਉਂਦਾ ਹੈ। ਤਾਂ ਹੀ ਅਸੀਂ ਇਸਨੂੰ ਟੁੰਡੀਲਾਟ ਕਹਿੰਦੇ ਹਾਂ।

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਆਵਾਜ਼: ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਸਰਾਭਾ: ਫਰੰਗੀ ਹਿੰਦੋਸਤਾਨ 'ਚੋਂ 50 ਕਰੋੜ ਰੁਪਏ ਹਰ ਸਾਲ ਲੁਟ ਕੇ ਲੈ ਜਾਂਦੇ ਹਨ। ਜ਼ਮੀਨੀ ਮਾਲੀਆ 65 ਫੀਸਦੀ ਹੋ ਗਿਐ। ਇਸੇ ਕਾਰਨ ਕਾਲ ਤੇ ਭੁਖ ਮਰੀ ਨਾਲ ਪਿਛਲੇ 10 ਸਾਲਾਂ ਵਿਚ ਦੋ ਕਰੋੜ ਇਨਸਾਨ ਮਰੇ ਹਨ। ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫਸਾਦ ਖੜੇ ਕਰਨ ਦੀ ਕੋਸ਼ਿਸ਼ ਅੰਗ੍ਰੇਜ਼ਾਂ ਵਲੋਂ ਲਗਾਤਾਰ ਜਾਰੀ ਹੈ ਤਾਂ ਕਿ ਅਸੀਂ ਕੌਮੀ ਤੌਰ ਤੇ ਕਮਜ਼ੋਰ ਹੋ ਜਾਈਏ। ਹਿੰਦੁਸਤਾਨ ਦੇ ਰੁਪਏ ਨਾਲ ਹਿੰਦੁਸਤਾਨੀ ਸਿਪਾਹੀ ਭਰਤੀ ਕਰਕੇ ਮਰਵਾਉਣ ਲਈ

ਅਫਗਾਨਿਸਤਾਨ,ਬਰਮਾ,ਮਿਸਰ,ਈਰਾਨ ਅਤੇ ਚੀਨ ਨੂੰ ਫਤਿਹ ਕਰਨ ਲਈ ਭੇਜੇ ਜਾਂਦੇ ਹਨ। ਫਰੰਗੀਆਂ ਹੱਥੋਂ ਹਿੰਦੁਸਤਾਨੀਆਂ ਦੇ ਕਤਲ ਤੇ ਔਰਤਾਂ ਦੀ ਬੇਪਤੀ ਦੀ ਸੁਣਵਾਈ ਹਿੰਦੁਸਤਾਨੀ ਕਾਨੂੰਨ ਤਹਿਤ ਸੰਭਵ ਨਹੀਂ। ਇਸਦੀ ਤਾਜ਼ੀ ਮਿਸਾਲ ਹੈ ਸਾਡਾ ਬਦਕਿਸਮਤ ਵੀਰ ਗੁਰਪਾਲ ਜੋ ਕੈਨੇਡਾ ਤੋਂ ਆਇਆ ਹੈ ਤੇ ਅਪਣੇ ਪਿੰਡ ਜਾ ਰਿਹੈ ਅਪਣੀ ਬਦਕਿਸਮਤੀ...ਸਾਡੀ ਸਾਰਿਆਂ ਦੀ ਬਦਕਿਸਮਤੀ ਦਾ ਨਜ਼ਾਰਾ ਕਰਨ!!

(ਇਕ ਨੌਜਵਾਨ ਜੋ ਕਿ ਬਹੁਤ ਹੀ ਉਦਾਸ ਦਿਖ ਰਿਹਾ ਹੈ ਖੜਾ ਹੁੰਦਾ ਹੈ।ਪਿੱਛੇ ਬੈਠੇ ਪਾਲਾ ਸਿੰਘ ਤੇ ਵਤਨਾ ਘੁਸਰ ਮੁਸਰ ਕਰਦੇ ਹਨ।)

ਪਾਲ ਸਿੰਹੁ: ਓਏ! ਵਤਨਿਆ...ਇਹ ਤਾਂ ਸਾਡੇ ਪਿੰਡ ਦਾ ਗੁਰਪਾਲ ਐ ਯਾਰ...ਇਹਨੂੰ ਕੀ ਹੋਇਆ?
ਵਤਨਾ: ਚੁਪ ਕਰ ਰਹੁ...ਕਰਤਾਰ ਦੱਸੂਗਾ।
ਸਰਾਭਾ: ਗੁਰਪਾਲ ਦੇ ਘਰ ਇਸਦੇ ਬੁਢੇ ਮਾਂ ਬਾਪ ਤੇ ਜਵਾਨ ਭੈਣ ਸਨ। ਪਿੰਡ ਵਿਚ ਇਲਾਕੇ ਦੇ ਨਵੇਂ ਗੋਰੇ ਪੁਲਸ ਅਫਸਰ ਨੇ ਦੌਰਾ ਕੀਤਾ...।

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਬੇੜਿਆਂ ਆਦਿ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਹੌਲੀ ਹੌਲੀ ਮੱਧਮ ਪੈਂਦੀ ਹੈ।ਸਟੇਜ ਤੇ ਹਨੇਰਾ ਹੌਲੀ ਹੌਲੀ ਪਸਰਦਾ ਹੈ।ਸਰਾਭਾ ਤੇ ਹੋਰ ਪਾਤਰ ਅਪਣੀ ਥਾਂ ਸਟਿੱਲ ਹੋ ਜਾਂਦੇ ਹਨ। ਪਰਦਾ। ਸਟੇਜ ਤੇ ਮੁੜ ਰੋਸ਼ਨੀ।)

**ਫਲੈਸ਼ -2**

(ਪਿੰਡ ਦੇ ਕਿਸੇ ਘਰ ਦੇ ਵਿਹੜੇ ਦਾ ਦ੍ਰਿਸ਼। ਇੱਕ 16-17 ਵਰਿਆਂ ਦੀ ਮੁਟਿਆਰ ਮੰਜੇ ਤੇ ਸੁੱਤੀ ਪਈ ਨਜ਼ਰ ਆ ਰਹੀ ਹੈ। ਉਸਦੀ ਹਿੱਕ ਤੇ, ਵਿਆਹ ਸਮੇਂ ਬਾਰਾਤ ਉੱਤੋਂ ਸਿੱਕੇ ਲੁਟਾਉਣ ਲਈ ਵਰਤੀ ਜਾਂਦੀ, ਲਾਲ ਸੂਹੀ ਗੁੱਥਲੀ ਪਈ ਹੈ। ਜਿਵੇਂ ਉਹ ਇਸਦੀ ਕਢਾਈ ਕਰਦੀ-2 ਸੌਂ ਗਈ ਹੋਵੇ। ਬੈਕਰਊਂਡ 'ਚ ਧੀਮਾ ਧੀਮਾਂ ਵਿਆਹ ਦੀ ਘੋੜੀ ਦਾ ਗੀਤ ਚਲ ਰਿਹਾ ਹੈ:
"ਜਦ ਚੜਿਆ ਵੀਰਾ ਘੋੜੀ ਵੇ...॥"
ਮੁਟਿਆਰ ਦੀ ਮਾਂ ਵਿਹੜੇ ਵਿੱਚ ਖੁੱਲਦੇ ਬੂਹੇ ਚੋਂ ਪ੍ਰਵੇਸ਼ ਕਰਦੀ ਹੈ।...ਤੇ ਚੁੱਪ ਚਾਪ ਮੁਟਿਆਰ ਦੇ ਮੰਜੇ ਕੋਲ ਆਣ ਕੇ ਉਸ ਵੱਲ ਲਾਡ ਭਰੀ ਨੀਝ ਨਾਲ ਤੱਕਦੀ ਹੈ।)

ਮਾਂ: ਲੈ ਥਾਂ ਕਮਲੀ ਗੁੱਥਲੀ ਕੱਢਦੀ ਕੱਢਦੀ ਹੀ ਸੌਂ ਗਈ। ਬੱਸ ਇਹਨੂੰ ਤਾਂ ਹਰ ਵੇਲੇ ਇੱਕੋ ਹੀ ਗੱਲ...ਅਖੇ ਮੇਰਾ ਗੁਰਪਾਲ ਵੀਰਾ ਆਊਗਾ। ਉਹਦਾ ਵਿਆਹ ਰੱਖਾਂਗੇ...(ਬਦਲ ਕੇ) ਗੁੱਥਲੀ ਵੇਖਾਂ ਕਿੰਨੀ ਸੁਹਣੀ ਕੱਢੀ ਹੈ... (ਕਹਿੰਦਿਆਂ ਹੀ ਮੁਟਿਆਰ ਨੂੰ ਝੰਜੋੜਦੀ ਹੈ)

# Azadi De Jahaz

ਮਾਂ: ਕੁੜੇ ਸਵਿੱਤਰੀਏ…ਉੱਠ ਧੀਏ…ਇਹ ਕਿਹੜਾ ਵੇਲਾ ਈ ਸੌਣ ਦਾ..!!

(ਕੁੜੀ ਇਕਦਮ ਤ੍ਰਬਕ ਕੇ ਉੱਠਦੀ ਹੈ ਅਤੇ ਅਭੜਵਾਹੇ ਬੋਲਦੀ ਹੈ)

ਸਵਿੱਤਰੀ: ਹਾਹ ਬੀਜੀ, ਬਾਪੂ ਦੀ ਪੱਗ…!!

(ਮਾਂ ਉਸਨੂੰ ਹੋਰ ਝੰਜੋੜਦਿਆਂ। ਤੇ ਉਸਦੇ ਮੂੰਹ ਵੱਲ ਹੈਰਾਨੀ ਨਾਲ ਤੱਕਦਿਆਂ)

ਮਾਂ: ਕਿਹੜੀ ਪੱਗ…ਸਵਿੱਤਰੀਏ…!!! ਹੋਸ਼ ਕਰ ਧੀਏ।

ਸਵਿੱਤਰੀ: (ਆਪੇ 'ਚ ਆਉਂਦਿਆਂ ਪਰ ਡਰੀ ਡਰੀ ਬੋਲਦੀ ਹੈ।) ਬੀਜੀ ਚੰਗਾ ਸੁਪਨਾ ਨੀ ਸੀ…ਹੇ ਵਾਖਰੂ ਮਿਹਰ ਰੱਖੀਂ।

ਮਾਂ: ਸੁਫਨਾ???

ਸਵਿੱਤਰੀ: (ਮੰਜੇ ਤੋਂ ਉੱਠਦਿਆਂ) ਹਾਂ ਬੀਜੀ!! ਗੁਰਪਾਲ ਵੀਰਾ ਕਿੰਨਾ ਫੱਬਦਾ ਸੀ ਘੋੜੀ ਤੇ ਚੜ੍ਹਿਆ। ਸੂਹੀ ਪੱਗ। ਇੰਜੜੀ ਦੀਆਂ ਲੰਮੀਆਂ ਲੰਮੀਆਂ ਮੋਤੀਆਂ ਵਾਲੀਆਂ ਲੜੀਆਂ। ਕਲਗੀ ਦਾ ਨਗ ਜਿਵੇਂ ਕੋਹਿਨੂਰ ਦਾ ਹੀਰਾ।…ਪਰ

ਮਾਂ: ਪਰ ਕੀ ਧੀਏ…ਇਹ ਤਾਂ ਸ਼ਗਨਾ ਵਾਲਾ ਸੁਫਨਾ ਸੀ..।

ਸਵਿੱਤਰੀ: ਪਰ ਬੀਜੀ…ਜਦ ਮੈਂ ਗੁਰਪਾਲ ਵੀਰੇ ਦੇ, ਨਜ਼ਰ ਲੱਗਣ ਤੋਂ ਸੁਰਮੇ ਦੀ ਛੋਹਣੀ ਕਰਨ ਲੱਗੀ ਤਾਂ ਪਤਾ ਨੀ ਕੀ ਹੋਇਆ…ਮੇਰੇ ਹੱਥੋਂ ਸੁਰਮੇਦਾਣੀ ਡਿੱਗ ਪਈ ਤੇ ਸਾਰਾ ਸੁਰਮਾ ਬਾਪੂ ਦੀ ਚਿੱਟੀ ਪੱਗ ਤੇ ਡੁੱਲ ਗਿਆ। (ਡੁਸਕਣ ਲੱਗਦੀ ਹੈ)

ਮਾਂ: ਪਤਾ ਨੀ ਕੀ ਉਟ ਪਟਾਂਗ ਸੋਚਦੀ ਰਹਿੰਨੀ ਏਂ ਹਰ ਵੇਲੇ। ਨਾਲੇ ਦਿਨ ਦੇ ਸੁਫਨੇ ਤਾਂ ਊਂ ਈ ਝੂਠੇ ਹੁੰਦੇ ਆ।

ਸਵਿੱਤਰੀ: ਪਰ ਪਤਾ ਨੀਂ ਕਿਉਂ ਬੀਜੀ ਮੇਰਾ ਚਿੱਤ ਡੋਲਦੈ…ਹੇ ਵਾਖਰੂ ਮੇਰੇ ਵੀਰ ਸਿਰ ਮਿਹਰ ਦਾ ਹੱਥ ਰੱਖੀਂ।

ਮਾਂ: ਧੀਏ,ਹਰ ਵੇਲੇ ਅਪਣੇ ਵੀਰੇ ਨੂੰ ਏਨਾ ਚੇਤੇ ਨਾ ਕਰਿਆ ਕਰ। ਸਿਆਣੇ ਕਹਿੰਦੇ ਆ ਪ੍ਰਦੇਸੀ ਭਰਾ ਨੂੰ ਜਦ ਭੈਣ ਅੱਖ ਭਰ ਕੇ ਚੇਤੇ ਕਰਦੀ ਆ ਤਾਂ ਭਰਾ ਦਾ ਚਿੱਤ ਡੋਲ ਜਾਂਦੈ…। (ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਹੈ।)

ਸਵਿੱਤਰੀ: (ਮਾਂ ਦੇ ਕੋਲ ਮੰਜੇ ਤੇ ਬੈਠਦਿਆਂ) ਬੀਜੀ ਆਪਾਂ ਵੀਰੇ ਕੋਲ ਨਈਂ ਜਾ ਸਕਦੇ? ਮੇਰਾ ਤਾਂ ਜੀਅ ਕਰਦੈ ਕਿ ਉਡ ਕੇ ਵੀਰੇ ਕੋਲ ਪੁੱਜ ਜਾਵਾਂ।

ਮਾਂ: ਕਿੱਥੇ ਧੀਏ…ਕਾਸ਼ ਅਜਿਹਾ ਹੋ ਸਕੇ। ਆਹ ਪਿੱਛੇ ਜਿਹੇ ਲੈ ਕੇ ਗਿਆ ਈ ਸੀ ਕਹਿੰਦੇ ਕੋਈ ਗੁਰਦਿੱਤ ਸਿਓਂ…ਲੋਕਾਂ ਨੂੰ ਜਹਾਜ ਭਰ ਕੇ…ਪਰ ਕਨੇਡੇ ਦੇ ਹਾਕਮਾਂ ਨੇ ਉਹਨਾਂ ਨੂੰ ਉਤਰਨ ਹੀ ਨਈਂ ਦਿੱਤਾ।

ਸਵਿੱਤਰੀ: ਬੀਜੀ ਇਹ "ਹਾਕਿਮ" ਵੀ ਕਿੰਨੇ ਜ਼ਲਿਮ ਹੁੰਦੇ ਨੇ…ਕੀ ਉਹਨਾਂ ਦੀਆਂ ਭੇਣਾਂ, ਮਾਵਾਂ ਨਈਂ ਹੁੰਦੀਆਂ ਸਾਡੇ ਵਰਗੀਆਂ? ਜਦੋਂ ਘਾਟ ਤੇ ਖੜੇ ਜਹਾਜ 'ਚ ਕੈਦ ਲੋਕੀਂ ਪਰੇ ਕੰਢੇ ਤੇ ਖੜੇ ਅਪਣੇ ਭੈਣ ਭਰਾਵਾਂ,ਮਾਵਾਂ ਨੂੰ ਮਿਲਣ ਲਈ ਕਲਪਦੇ ਹੋਣਗੇ ਓਦੋਂ ਇਹਨਾਂ ਹਾਕਮਾਂ ਦਾ ਦਿਲ ਨਾ ਪੰਘਰਿਆ ਹੋਊ? ?…ਕੀ ਉਹ ਕਿਸੇ ਸਵਿੱਤਰੀ ਦੇ ਵੀਰੇ ਨਈਂ ਹੁੰਦੇ…ਗੁਰਪਾਲ ਵੀਰੇ ਵਰਗੇ?

ਮਾਂ: ਹੁੰਦੇ ਹੋਣਗੇ ਧੀਏ…ਹੋਰ ਕਿਹੜਾ ਉਹ 'ਸਮਾਨੋਂ ਡਿੱਗੇ ਹੁੰਦੇ ਆ…ਪਰ ਸਿਆਣੇ ਕਹਿੰਦੇ ਆ

"ਨਾ ਸੀ ਹਰਣਾਖਸ਼ ਕਦੇ ਨਾ ਰਾਮ ਸੀ
ਤਖਤ ਉੱਤੇ ਸੀ ਜਦੋਂ ਵੀ ਤਾਜ ਸੀ।"

ਤਾਜ, ਤਖਤ ਉੱਤੇ ਬਹਿਣ ਵਾਲੇ ਚੋਂ ਸਾਰੇ ਰਿਸ਼ਤੇ ਤੇ ਉਹਨਾਂ ਦੀ ਤੜਪ ਨੂੰ ਨਿਗਲ ਜਾਂਦੈ।

# Azadi De Jahaz

**ਫਲੈਸ਼ –3**

(ਇੱਕ ਬੁੱਢਾ ਬੰਦਾ ਬਾਹਰਲੇ ਦਰੋਂ ਵਿਹੜੇ ‘ਚ ਪ੍ਰਵੇਸ਼ ਕਰਦਾ ਹੈ। ਸਿਰ ਤੇ ਉਗੜ ਦੁਗੜ ਪਰਨਾ ਹੈ ਅਤੇ ਘਸਮੈਲਾ ਜਿਹਾ ਕੁੜਤਾ ਪਜਾਮਾ ਪਾਇਆ ਹੈ।ਵਿਹੜੇ ‘ਚ ਰੁੱਖ ਹੇਠਾਂ ਡੱਠੀ ਅਲਾਣੀ ਮੰਜੀ ਤੇ ਬਹਿ ਕੇ ਅੰਦਰ ਦਲਾਨ ਵੱਲ ਝਾਕਦਾ ਵਾਜਾਂ ਮਾਰਦਾ ਹੈ।)

ਬੁੱਢਾ: ਸਵਿੱਤਰੀਏ!! ਧੀਏ ਪਾਣੀ ਦਾ ਘੁੱਟ ਤਾ ਲਿਆਵੀਂ।

(ਕੋਈ ਜਵਾਬ ਨਹੀਂ ਦਿੰਦਾ)

ਬੁੱਢਾ: ਸਵਿੱਤਰੀਏ!! ਧੀਏ ਪਾਣੀ ਦਾ ਘੁੱਟ ਤਾ ਲਿਆਵੀਂ। ਪਤਾ ਨਈਂ ਕਿੱਥੇ ਨੇ ਦੋਵੇਂ ਮਾਵਾਂ ਧੀਆਂ…ਤਕਾਲ ਸਿੰਹੁ ਦਾ ਵੇਲਾ…ਘਰ ਵੀ ਖੁੱਲਾ ਪਿਆ ਏ। ਮੈਂ ਕਿਹਾ ਸਵਿੱਤਰੀਏ!!

(ਬੁੱਢੇ ਦੀ ਤੀਵੀਂ ਬਾਹਰਲੇ ਦਰ ਚੋਂ ਵਿਹੜੇ ‘ਚ ਪ੍ਰਵੇਸ਼ ਕਰਦੀ ਹੈ)

ਔਰਤ: ਸਵਿੱਤਰੀ ਅੰਦਰ ਨਈਂ। ਐਵੇਂ ਵਾਜਾਂ ਮਾਰਨ ਡਿਔਂ ਆਂ..

ਬੁੱਢਾ: ਅੰਦਰ ਨਈਂ??? ਉਹ ਕਿੱਥੇ ਗਈ ਆ ਐਸ ਵੇਲੇ?

ਔਰਤ: ਕਿਤੇ ਨਈਂ ਆਹ ਜ਼ੈਲਦਾਰਨੀ ਆਈ ਸੀ ਸੱਦਣ। ਅਖੇ ‘ਲਾਕੇ ਦਾ ਨਵਾਂ ਗੋਰਾ ਦਰੋਗਾ ਆਇਐ… ਰੋਟੀ ਟੁਕ ਕਰਨੈ।

ਬੁੱਢਾ: (ਖਿੜ ਕੇ) ਤੈਨੂੰ ਕਿੰਨੀ ਆਰ ਕਿਹੈ ਕੁੜੀ ਉਹਨਾਂ ਬੁਰਛਿਆਂ ਦੇ ਨਾ ਭੇਜਿਆ ਕਰ। ਪਤਾ ਨਈਂ ਤੇਰੀ ਮੱਤ ਨੂੰ ਕੀ ਹੁੰਦਾ ਜਾਂਦੈ। ਕਿਹੜੇ ਸਮੇਂ ਆ ਉਪਰੋਂ…!!

ਔਰਤ: (ਚੌਂਕੇ ਚੋਂ ਪਾਣੀ ਦਾ ਗਲਾਸ ਲਿਆ ਕੇ ਫੜਾਉਂਦਿਆਂ) ਐਵੇਂ ਨਾ ਬੋਲੀ ਜਾਇਆ ਕਰੋ। ਜ਼ੈਲਦਾਰਨੀ ਨੂੰ ਨਾਂਹ ਵੀ ਕਿਵੇਂ ਕਰਾਂ…ਵਾਲ ਵਾਲ ਤਾਂ ਉਹਨਾਂ ਦੇ ਕਰਜਈ ਆਂ…ਕੌੜਾ ਘੁੱਟ ਕਰੇ ਬਿਨਾਂ ਝੱਟ ਕਿਵੇਂ ਲੰਘੇ।

ਬੁੱਢਾ: ਹੱਛਾ!! ਹੁਣ ਤਾਂ ਗੁਰਪਾਲ ਤੇ ਈ ਆਸਾਂ ਆ…ਇਕ ਕਿੱਲਾ ਤਾਂ ਅਪਣਾ ਛੁੱਟ ਈ ਜਾਣਾ ਆਹ ਹਾੜੀ ਚੁੱਕ ਦਿਆਂ।

ਔਰਤ: ਨਾ ਪੈਹੇ ਜ਼ੈਲਦਾਰ ਨੂੰ ਤਾਰ ਤੇ ਤੁਸੀਂ ਜਿਹੜੇ ਗੁਰਪਾਲ ਨੇ ਪਿਛਲੇ ਮਹੀਨੇ ਭੇਜੇ ਸੀ?

ਬੁੱਢਾ: ਓਸੇ ਵੇਲੇ ਕਿ…ਬੜਾ ਕੈਰਾ ਜਿਹਾ ਝਾਕਿਆ ਮੇਰੇ ਅੱਲ ਟਾਹਲੀ ਆਲੇ ਖੇਤ ਦਾ ਸ਼ਟਾਮ ਮੋੜਨ ਲੱਗਿਆਂ।

ਔਰਤ: ਚੱਲ ਸ਼ੁਕਰ ਹੋਊ। ਢਿੱਡ ਘੁੱਟ ਕੇ ਡੰਗ ਟਪਾ ਲਾਂਗੇ ਪਰ ਇਸ ਵਗਾਰ ਤੋਂ ਤਾਂ ਬਚਾਂਗੇ। (ਉਪਰ ਨੂੰ ਹੱਥ ਜੋੜ ਕੇ) ਅੱਛਾ ਵਾਖਰੂ ਤੂੰ ਸਭ ਦੀ ਰੱਖਦੈਂ। ਮੇਰੇ ਪੁੱਤ ਸਿਰ ਮੇਹਰ ਦਾ ਹੱਥ ਰੱਖੀਂ।ਪਤਾ ਨਈਂ ਕਿੱਥੇ ਪਰਦੇਸਾਂ ‘ਚ ਫਿਰਦਾ ਹੋਊ ਭੁੱਖਣ ਭਾਣਾ (ਪੱਲੇ ਨਾਲ ਅੱਖਾਂ ਪੂੰਝਦੀ ਹੈ)

## Azadi De Jahaz

ਬੁੱਢਾ: (ਗੱਲ ਹੋਧਰ ਪਾਉਂਦਿਆਂ) ਕੋਈ ਰੋਟੀ ਟੁੱਕ ਵੀ ਹੈਅ ਅੱਜ ਖਾਣ ਨੂੰ ਕਿ ...

ਔਰਤ: ਮੈਂ ਕਿਹਾ ਸਵਿੱਤਰੀ ਨੇ ਲੈ ਈ ਆਉਣੀ ਆ ...

ਬੁੱਢਾ: (ਵਿੱਚੋਂ ਟੋਕ ਕੇ, ਗੁੱਸੇ ਨਾਲ) ਤੈਨੂੰ ਕਿੰਨੀ ਆਰ ਕਿਹੈ ਕਿ ਮੈ ਉਹਨਾਂ ਦੇ ਘਰ ਦੀ ਕੋਈ ਚੀਜ ਨਈਂ ਖਾਣੀ। ਭੁੱਖਾ ਮਰਜੂੰ...। ਲਿਆ ਪਾਣੀ ਦਾ ਹੋਰ ਗਲਾਸ ਅੱਜ ਏਹੀ ਸਈ।

ਔਰਤ: ਹੈ..ਹਾ!! ਤੁਸੀਂ ਤਾਂ ਬੱਸ ਹਰ ਗੱਲ ਨੂੰ ਪੁਠੀ ਈ ਪਾਉਂਦੇ ਓ। ਅੰਨ ਦੇਉਤਾ ਤਾਂ ਹਰ ਥਾਂ ਇਕੋ ਈ ਆ ਨਾ...ਨਾਲੇ ਅਪਣੀ ਸਵਿੱਤਰੀ ਨੇ ਪਕਾਉਣੀ ਆ...

ਬੁੱਢਾ: ਨਾ ਵਤਨੀਏ!! ਨਾ...!!! ਭੁੱਲਗੀ ਭਾਈ ਲਾਲੋ ਆਲੀ ਸਾਖੀ...?? ਇਹ ਜ਼ੈਲਦਾਰ ਮਲਕ ਭਾਗੋ ਦੀ ਔਲਾਦ ਆ...ਇਹਨਾਂ ਦੇ ਪਕਵਾਨਾਂ ਨੂੰ ਸਾਡੇ ਗਰੀਬਾਂ ਦੇ ਲਹੂ ਮਿੱਝ ਦਾ ਤੜਕਾ ਲਗਦੈ। ਭੁੱਲ ਨਾ...ਕਈ ਵੇਰ ਤਾਂ ਮੈਨੂੰ ਇਹ ਜਗੀਰਦਾਰ ਤੇ ਜ਼ੈਲਦਾਰ ਵੱਡੀਆਂ-2 ਜੋਕਾਂ ਦਿਸਦੇ ਆ...ਆਦਮ ਕੱਦ ਜੋਕਾਂ।(ਬਦਲ ਕੇ) ਜਾਹ ਬਾਬਾ ਨਾਨਕਾ ਅੱਜ ਕਿਤੇ ਆਵੇਂ ਨਾ, ਤਾਂ ਵੇਖੇਂ ਕਿਵੇਂ ਮੁੜ ਫਿੱਟੇ ਫਿਰਦੇ ਆ ਵਿਹਲੜ...ਲਾਲੋਆਂ ਦੀ ਰੱਤ ਪੀਣੇ।

(ਪਿੱਠ ਭੂਮੀ ਚੋਂ ਹੌਲੇ ਹੌਲੇ ਬੋਲ ਉਭਰਦੇ ਹਨ।ਵਤਨੀ ਚੌਂਕੇ 'ਚ ਲੰਪ ਬਾਲ ਕੇ ਚੌਂਕੇਂ ਦੀ ਨਿੱਕੀ ਨਿੱਕੀ ਪੋਚੀ ਕੰਧ ਦੇ ਸਿਰੇ ਤੇ ਟਿਕਾ ਰਹੀ ਹੈ।ਵਿੱਚ ਅਲਾਣੀ ਮੰਜੀ ਤੇ ਪਏ ਬੁੱਢੇ ਦੇ ਖੰਘਣ ਦੀ ਆਵਾਜ਼ ਆਉਂਦੀ ਹੈ।)

ਅਜਲਾਂ ਤੋਂ ਮਹਿਲਾਂ ਦੇ ਸਾਏ
ਝੌਂਪੜੀਆਂ ਨੂੰ ਲੂੰਹਦੇ ਆਏ॥

ਹੱਥੀਂ ਪੈਦਾ ਕਰਕੇ ਸਭ ਕੁਝ
ਕਾਮੇ ਦੇ ਕੁਝ ਹੱਥ ਨਾ ਆਏ॥

ਲਾਲੋ ਅੱਜ ਵੀ ਹੈ ਉਹ ਲਾਲੋ
ਭਾਗੋ ਨੇ ਸੌ-ਰੂਪ ਵਟਾਏ॥

ਮਜ਼ਦੂਰਾਂ ਨੇ ਰੱਤ ਜਲਾ ਕੇ
ਪੂਰਬ 'ਤੇ ਪੱਛਮ ਰੁਸ਼ਨਾਏ॥

ਜਿਸ ਦੀ ਹਰ ਕੁਰਸੀ ਤੇ ਜੋਕਾਂ
ਲੋਕ-ਰਾਜ ਉਹ ਹਾਏ, ਹਾਏ॥

ਬੁੱਢਾ: ਕਿੰਨਾ ਨੇਰਾ ਉਤਰ ਆਇਐ। ਜਾਹ ਕੁੜੀ ਨੂੰ ਦੇਖ ਜਾ ਕੇ।

(ਅਚਾਨਕ,ਪਿੱਠਭੂਮੀਂ ਚੋਂ ਸਵਿੱਤਰੀ ਦੀਆਂ ਭਿਆਨਕ ਚੀਖਾਂ ਉੱਭਰਦੀਆਂ ਹਨ)

ਸਵਿੱਤਰੀ: ਹਾਏ ਭਾਈਆ ਮੈਨੂੰ ਬਚਾ ਲੈ....(ਲੰਬੀ ਚੀਖ) ਹਾਏ ਬੀਬੀ ਮੈਂ ਮਰ ਗਈ...(ਲੰਬੀ ਚੀਖ)

ਵਤਨੀ: (ਚੀਖਦਿਆਂ) ਇਹ ਤਾਂ ਸਵਿੱਤਰੀ ਦੀ ਵਾਜ ਆ...ਨੀ ਧੀਏ...(ਜੀ ਭਿਆਣੀ ਜਿਹੀ ਚੌਂਕੇ ਕੋਲੋਂ ਦਰਾਂ ਵੱਲ ਦੌੜਦੀ ਹੈ। ਲੰਪ ਉਸ ਵਿੱਚ ਲੱਗ ਕੇ ਭੁੰਜੇ ਡਿੱਗ ਜਾਂਦਾ ਹੈ।)

ਬੁੱਢਾ: ਕੌਣ ਆ ਉਏ ਠਹਿਰੋ ਜਰਾ ਤੁਹਾਡੀ ਓ ...(ਉੱਚੀ ਲਲਕਾਰੇ ਮਾਰਦਾ ਹੈ। ਅਤੇ ਬੌਂਦਲਿਆ ਜਿਹਾ ਏਧਰ ਓਦਰ ਖੱਲਾਂ ਖੂੰਜੇ ਭਾਲਦਾ ਅਪਣੀ ਡਾਂਗ ਲੈ ਕੇ ਬਾਹਰ ਵੱਲ ਦੌੜਦਾ ਹੈ।

ਸਵਿੱਤਰੀ: ਹਾਏ ਭਾਈਆ ਮੈਨੂੰ ਬਚਾ ਲੈ....(ਲੰਬੀ ਚੀਖ) ਹਾਏ ਬੀਬੀ ਮੈਂ ਮਰ ਗਈ...(ਲੰਬੀ ਚੀਖ)

(ਵਤਨੀ ਦੀਆਂ ਚੀਖਾਂ ਤੇ ਬੁੱਢੇ ਦੇ ਲਲਕਾਰੇ ਸੁਣਦੇ ਹਨ।ਮੱਧਮ ਪੈਂਦੇ ਜਾਂਦੇ ਹਨ। ਚੌਂਕੇ ਕੋਲ ਡਿੱਗਾ ਲੰਪ ਭੜਾਕੇ ਮਾਰ ਮਾਰ ਬੁਝ ਜਾਂਦਾ ਹੈ। ਸਟੇਜ ਤੇ ਸ਼ਾਂਤ ਪਰ ਡਰਾਉਣਾ ਨੇਰਾ ਪਸਰ ਜਾਂਦਾ ਹੈ।)

**ਫਲੈਸ਼ -4.**

(ਵਤਨੀ ਤੇ ਸਵਿੱਤਰੀ ਦਾ ਭਾਈਆ, ਜੈਲਦਾਰ ਦੀ ਹਵੇਲੀ ਦੇ ਬਾਹਰ ਹਾਲ ਪਾਹਰਿਆ ਮਚਾ ਰਹੇ ਹਨ। ਹਵੇਲੀ ਅੰਦਰੋਂ ਸਵਿੱਤਰੀ ਦੀਆਂ ਚੀਖਾਂ ਲਗਾਤਾਰ ਜਾਰੀ ਹਨ।)

ਬੁੱਢਾ: (ਗੋਡਿਆਂ ਭਾਰ ਹੋ ਕੇ ਹਵੇਲੀ ਦੀ ਕੰਧ ਅੱਗੇ) ਓ ਜ਼ਾਲਮੋਂ ਮੇਰੀ ਧੀ ਨੂੰ ਜਾਣ ਦਿਓ। (ਫਿਰ ਉੱਠਦਿਆਂ, ਦਰਸ਼ਕਾਂ ਵੱਲ) ਉਏ ਲੋਕੋ ਕੋਈ ਆਓ ਉਏ! ਇਕ ਬੁੱਢੇ ਬਾਪ ਦੀ ਮੱਦਦ ਕਰੋ ਤੁਹਾਨੂੰ ਇਕ ਅਬਲਾ ਦੀ ਇੱਜਤ ਦਾ ਵਾਸਤਾ। ਐਡੇ ਪਿੰਡ ਚੋਂ ਕੋਈ ਇਕ ਤਾਂ ਆਓ!! (ਮੁੜ ਹਵੇਲੀ ਦੀਆਂ ਕੱਧਾਂ ਵੱਲ ਮੂੰਹ ਕਰ ਕੇ) ਇਹ ਕੰਧਾਂ ਢਹਿ ਕਿਉਂ ਨਈਂ ਜਾਂਦੀਆਂ...ਧਰਤੀ ਫਟਦੀ ਕਿਉਂ ਨਈਂ ਜਾਂਦੀ...ਅਸਮਾਨ ਦਾ ਕੜ ਕਿਉਂ ਨਈਂ ਪਾਟਦਾ...(ਦੋਹਾਂ ਬਾਹਾਂ ਨੂੰ ਜ਼ੋਰ ਨਾਲ ਛੰਡਦਿਆਂ) ਓਏ...ਏ...ਏ...!!!

ਵਤਨੀ: (ਸਵਿੱਤਰੀ ਦੇ ਭਾਈਏ ਨੂੰ) ਮੇਰੀ ਧੀ ਨੂੰ ਬਚਾ ਲੈ। ਮੇਰੀ ਲਾਡੋ ਧੀ...ਮੇਰੇ ਢਿੱਡ ਦੀ ਆਂਦਰ...ਕੋਈ ਬਚਾਓ ਵੇ ਮੇਰੀ ਧੀ...

(ਸਟੇਜ ਦੇ ਵਿਚਕਾਰ ਗੋਡਿਆਂ ਭਾਰ ਹੋਈ ਰੁਦਨ ਕਰ ਰਹੀ ਹੈ। ਕਿ ਅਚਾਨਕ ਸਵਿੱਤਰੀ ਸਟੇਜ ਦੇ ਇਕ ਕੋਨੇ 'ਚ ਹਵੇਲੀ ਦੇ ਚੁਬਾਰੇ ਚੋਂ ਡਿਗਦੀ ਹੈ)

ਵਤਨੀ: (ਚੀਖਦਿਆਂ) ਸਵਿੱਤਰੀਏ..!!!!

(ਸਵਿਤਰੀ ਦਾ ਭਾਈਆ ਤੇ ਵਤਨੀ ਸਵਿੱਤਰੀ ਵੱਲ ਦੌੜਦੇ ਹਨ। ਲਹੂ ਨਾਲ ਲੱਥਪੱਥ ਲੰਗਾਰੇ ਕਪੜਿਆਂ, ਖਿੱਲਰੇ ਵਾਲਾਂ ਵਾਲੀ ਸੁਬਕ ਜਿਹੀ ਕੁੜੀ,ਸਵਿੱਤਰੀ ਹਾਲੇ ਸਹਿਕ ਰਹੀ ਹੈ।

ਵਤਨੀ ਉਸਦਾ ਸਿਰ ਅਪਣੀ ਗੋਦੀ 'ਚ ਰੱਖ ਲੈਂਦੀ ਹੈ। ਭਾਈਆ ਵੀ ਕੋਲ ਨੂੰ ਗੋਡਿਆਂ ਭਾਰ ਬੈਠਾ ਹੈ।)

ਵਤਨੀ: ਧੀਏ…ਨੀ ਧੀਏ…!!!

ਸਵਿੱਤਰੀ: (ਹੌਲੀ ਹੌਲੀ ਅੱਖਾਂ ਖੋਲ੍ਹਦਿਆਂ। ਭਾਈ ਏ ਵੱਲ ਤੱਕਦਿਆਂ ) ਬਾਪੂ ਮੈਨੂੰ ਮੁਆਫ ਕਰੀਂ ਮੈਂ ਤੇਰੀ ਪੱਗ ਬਚਾ ਨਾ ਸਕੀ।

ਭਾਈਆ: (ਰੋਂਦਾ ਹੋਇਆ) ਨਾ ਮੇਰੀਏ ਬੱਚੀਏ…ਨਾ।

ਸਵਿੱਤਰੀ: ਬਾਪੂ…ਤੂੰ ਰੋ ਨਾ …ਔਹ ਵੇਖ ਗੁਰਪਾਲ ਵੀਰਾ…ਔਹ ਵੇਖ…ਉਹਦੇ ਹੱਥ ‘ਚ ਲਿਸ਼ਕਦੀ ਤਲਵਾਰ…ਹੁਣ ਕਿਸੇ ਦੀ ਪੱਗ …ਨੀ ਜਾਂਦੀ…ਵੀਰਿਆ…ਇਹਨਾਂ ਜ਼ਾਲਮਾਂ ਨੂੰ ਟੋਟੇ ਟੋਟੇ ਕਰ ਦੇਈਂ..!!

ਵਤਨੀ: ਸਵਿੱਤਰੀਏ…ਧੀਏ…!!(ਸਵਿੱਤਰੀ ਦੀ ਧੌਣ ਇਕ ਪਾਸੇ ਨੂੰ ਲੁੜਕ ਜਾਂਦੀ ਹੈ)

(ਵਤਨੀ ਤੇ ਬਾਪੂ ਦੇ ਹਟਕੋਰੇ ਉੱਚੇ ਹੋ ਜਾਂਦੇ ਹਨ।)

ਵਤਨੀ: ਲੋਕਾ ਵੇ ਅਸੀਂ ਲੁੱਟੇ ਗਏ…!!!

ਬਾਪੂ: ਹੌਲੀ ਹੌਲੀ ਕੰਬਦੇ ਹੱਥਾਂ ਨਾਲ ਕੋਲ ਪਈ ਡਾਂਗ ਨੂੰ ਟਟੋਲਦਾ ਹੈ। ਫਿਰ ਉਸਨੂੰ ਘੁੱਟ ਕੇ ਫੜਦਾ ਹੈ। ਡਾਂਗ ਸਹਾਰੇ ਕੰਬਦਾ ਕੰਬਦਾ ਹੌਲੀ ਹੌਲੀ ਖੜਦਾ ਹੈ। ਤੇ ਜੋਰਦਾਰ ਲਲਕਾਰਾ ਮਾਰਦਾ ਹੈ:

ਬਾਪੂ: ਜ਼ੈਲਦਾਰਾ…!!!!

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਬੇੜਿਆਂ ਆਦਿ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਹੌਲੀ ਹੌਲੀ ਮੱਧਮ ਪੈਂਦੀ ਹੈ।ਸਟੇਜ ਤੇ ਰੌਸ਼ਨੀ ਪਰਤਦੀ ਹੈ। ਸਟਿੱਲ ਹੋਏ ਸਰਾਭਾ ਤੇ ਹੋਰ ਪਾਤਰ ਮੁੜ ਹਰਕਤ ‘ਚ ਆ ਜਾਂਦੇ ਹਨ।)

ਸਰਾਭਾ: ਸਵਿੱਤਰੀ ਬੇਚਾਰੀ ਨੇ ਬਥੇਰੀ ਹਾਲ ਦੁਹਾਈ ਮਚਾਈ ਪਰ...ਸਿਤਮ ਦੀ ਹੱਦ ਇਹ ਕਿ ਇਸਦੇ ਬੁੱਢੇ ਮਾਂ ਬਾਪ ਐਨ ਉਸ ਵੇਲੇ ਜਦੋਂ ਉਹਨਾਂ ਦੀ ਹਾਲ ਪਾਰਿਆ ਮਚਾਉਂਦੀ ਧੀਅ ਦੀ ਇੱਜ਼ਤ ਜ਼ੈਲਦਾਰ ਦੀ ਹਵੇਲੀ 'ਚ ਰੋਲੀ ਜਾ ਰਹੀ ਸੀ ਬਾਹਰ ਕੰਧਾਂ 'ਚ ਟੱਕਰਾਂ ਮਾਰ ਮਾਰ ਕੇ ਸਹਾਇਤਾ ਲਈ ਪੁਕਾਰ ਰਹੇ ਸਨ। ਪਰ ਸਾਰੇ ਪਿੰਡ ਚੋਂ ਇਕ ਵੀ ਮਾਈ ਦਾ ਲਾਲ ਉਸ ਅਬਲਾ ਦੀ ਰਾਖੀ ਲਈ ਘਰੋਂ ਬਾਹਰ ਨਿਕਲਣ ਦੀ ਜ਼ੁਰੱਤ ਨਾ ਕਰ ਸਕਿਆ।

(ਇਸ ਦੌਰਾਨ ਗੁਰਪਾਲ ਦੇ ਹਟਕੋਰੇ ਸੁਣਾਈ ਦਿੰਦੇ ਹਨ।)

ਸਰਾਭਾ: ਜਦੋਂ ਗੋਰਾ ਅਫਸਰ ਤੇ ਉਸਦੇ ਸਾਥੀ ਜ਼ੈਲਦਾਰ ਦੀ ਹਵੇਲੀਓਂ ਨਿਕਲੇ ਤਾਂ ਗੁਰਪਾਲ ਦੇ ਬਾਪ ਨੇ ਉਸਤੇ ਹਮਲਾ ਕਰ ਦਿੱਤਾ...ਜ਼ਾਲਮਾਂ ਉਸਨੂੰ ਥਾਇ ਹੀ ਚਿੱਤ ਕਰ ਦਿਤਾ। ਇਸਦੀ ਬੁਢੀ ਮਾਂ ਜਵਾਨ ਧੀ ਦੀ ਲਾਸ਼ ਵੇਖ ਕੇ ਪਾਗ਼ਲ ਹੋ ਚੁਕੀ ਹੈ।

(ਪਾਲਾ ਸਿੰਘ ਜੋ ਹੁਣ ਤੀਕ ਸੁਣ ਰਿਹਾ ਸੀ, ਇਕਦਮ ਉਠ ਕੇ ਖੜੋ ਜਾਂਦਾ ਹੈ।)

## Azadi De Jahaz

ਪਾਲਾ ਸਿੰਹੁ: ਬੱਸ ਕਰ ਕਰਤਾਰ ਬੱਸ ਕਰ...ਰੱਬ ਦੇ ਵਾਸਤੇ ਬੱਸ ਕਰ..!! ਹਾਇ ਓਏ ਜ਼ਾਲਮੋਂ ਮੇਰੀ ਮੂੰਹ ਬੋਲੀ ਭੈਣ ਸਵਿੱਤਰੀ। (ਗੁਰਪਾਲ ਵੱਲ ਇਸ਼ਾਰਾ ਕਰਦਿਆਂ) ਇਹ ਤਾਂ ਘਰ ਦੀ ਗ਼ਰੀਬੀ ਦੂਰ ਕਰਨ ਲਈ ਕੈਨੇਡਾ ਨੂੰ ਚੜ੍ਹ ਆਇਆ ਤੇ ਮਗਰੋਂ ਸਵਿੱਤਰੀ ਨੇ ਮੈਨੂੰ ਅਪਣਾ ਧਰਮ ਭਰਾ ਬਣਾ ਲਿਆ।

ਜਦ ਮੈਂ ਤੁਰਨ ਲੱਗਾ ਤਾਂ ਅੱਖਾਂ ਭਰ ਕੇ ਕਹਿੰਦੀ ਸੀ...ਵੀਰੇ ਜੇ ਕਿਤੇ ਗੁਰਪਾਲ ਵੀਰ ਮਿਲੇ ਤਾਂ ਕਹੀਂ ਤੇਰੀ ਭੈਣ ਤੈਨੂੰ ਬਹੁਤ ਹੀ ਚੇਤੇ ਕਰਦੀ ਹੈ...।

(ਗੁਰਪਾਲ ਸਿਸਕੀ ਭਰਦਾ ਪਾਲਾ ਸਿੰਹੁ ਵੱਲ ਵਧਣ ਲੱਗਦਾ ਹੈ। ਪਾਲਾ ਸਿੰਘ ਉਸਨੂੰ ਇਸ਼ਾਰੇ ਨਾਲ ਰੋਕਦਾ ਹੋਇਆ।)

ਪਾਲਾ ਸਿੰਹੁ: ਖਬਰਦਾਰ! ਜੇ ਮੇਰੇ ਕੋਲ ਆਇਆ...ਮੈਨੂੰ ਛੋਹੀਂ ਨਾ...ਮੈਂ ਬੜਾ ਨਾਪਾਕ ਬੰਦਾ ਹਾਂ...ਭੈਣ ਸਵਿੱਤਰੀ...ਤਾਈ ਵਤਨੀ ਤੇ ਤਾਏ ਦੇ ਨਾਲ-2 ਤੁਹਾਡਾ ਸਾਰਿਆਂ ਦਾ ਦੇਣਦਾਰ। (ਸਰਾਭੇ ਵਾਲ ਇਸ਼ਾਰਾ ਕਰਦਿਆਂ।) ਤੁਸੀਂ ਲੋਕ ਅਪਣੀ ਜਾਨ ਤਲੀ ਤੇ ਧਰੀ ਮੇਰੇ ਪਿੰਡ ਦੀ..ਦੇਸ਼ ਤੇ ਕੌਮ ਦੀ ਇੱਜ਼ਤ ਪਤ ਦੇ ਰਾਖੇ ਬਣ ਕੇ ਹਿੰਦੁਸਤਾਨ ਜਾ ਰਹੇ ਹੋ...ਪਰ ਮੈਂ...ਗੋਰੇ ਅਫਸਰ ਤੋਂ ਆਹ ਪਿਸਤੌਲ ਲੈ ਕੇ ਤੁਹਾਡੀ ਮੁਖਬਰੀ ਕਰਨ ਲਈ ਜ਼ਹਾਜ਼ ਚੜ੍ਹ ਅਇਆ...(ਅਪਣਾ ਪਿਸਤੌਲ ਕੱਢ ਲੈਂਦਾ ਹੈ। ਵਤਨ ਸਿੰਘ ਖਿਸਕਦਾ ਨਜ਼ਰ ਆਉਂਦਾ ਹੈ। ਪਾਲਾ ਸਿੰਘ ਪਿਸਤੌਲ ਫੜੀ ਸਰਾਭੇ ਵੱਲ ਵਧਦਿਆਂ।)

ਪਾਲਾ ਸਿੰਹੁ: ਲੈ ਕਰਤਾਰ ਸਿੰਹਾਂ...ਮੈਨੂੰ ਏਥੇ ਇਸੇ ਜਗਾਹ ਢੇਰੀ ਕਰ ਦੇ। ਜਦੋਂ ਤੁਸੀਂ ਇਨਕਲਾਬੀ ਘਾਟ ਤੇ ਖੜੇ ਇਸ ਜ਼ਹਾਜ਼ ਵਿਚ ਚੜ੍ਹਨ ਲਈ ਜਾਓਂ ਤਾਂ ਮੇਰੀ ਲਾਸ਼ ਨੂੰ ਠੁੱਡੇ ਮਾਰ ਮਾਰ ਲੰਘਣਾ...

(ਸਰਾਭਾ, ਪਾਲਾ ਸਿੰਹੁ ਤੋਂ ਪਿਸਤੌਲ ਫੜ ਲੈਂਦਾ ਹੈ। ਅਪਣੇ ਕੋਲ ਗੋਡਿਆਂ ਭਾਰ ਹੋਏ ਸਿਸਕਦੇ ਪਾਲਾ ਸਿੰਹੁ ਨੂੰ ਬਾਹਾਂ ਤੋਂ ਫੜ ਕੇ ਉਠਾਉਂਦਾ ਹੋਇਆ)

ਸਰਾਭਾ: ਨਹੀਂ ਉਏ ਸਾਥੀਆ...ਸਾਨੂੰ ਭਰਾਵਾਂ ਦੀਆਂ ਲਾਸ਼ਾਂ ਨਹੀਂ ਬਾਹਾਂ ਦੀ ਲੋੜ ਹੈ। ਸਵਿੱਤਰੀ ਲਈ ਪਵਿੱਤਰ ਪਸ਼ਚਾਤਾਪ ਨੇ ਤੇਰੇ ਪਾਪ ਧੋ ਦਿੱਤੇ ਹਨ। ਪਸ਼ਚਾਤਾਪ ਦੇ ਹੰਝੂਆਂ ਵਿਚ ਨਾਤੇ ਸੱਚੇ ਸੁੱਚੇ ਸਾਥੀ ਸਾਡੀ ਆਜ਼ਾਦੀ ਲਹਿਰ ਦਾ ਸਰਮਾਇਆ ਹਨ। ਆਹ! ਪਿਸਤੌਲ ਅਪਣੇ ਕੋਲ ਸਾਂਭ ਕੇ ਰੱਖ...ਉਸ ਮੁਸ਼ਟੰਡੇ ਫਰੰਗੀ ਅਫਸਰ ਨੂੰ ਸੋਧਣ ਦੀ ਜ਼ੁੰਮੇਵਾਰੀ ਤੇਰੀ ਰਹੀ।

ਪਾਲਾ ਸਿੰਹੁ: (ਭਾਵੁਕਤਾ ਦੇ ਵਹਾ ਵਿਚ) ਇਨਕਲਾਬ!

ਆਵਾਜ਼ਾਂ: ਜ਼ਿੰਦਾਬਾਦ!!

ਪਾਲਾ ਸਿੰਹੁ: (ਜੇਬ ਚੋਂ ਡਾਇਰੀ ਕੱਢ ਕੇ ਟੁਕੜੇ ਟੁਕੜੇ ਕਰੀ ਜਾ ਰਿਹਾ ਹੈ ਤੇ ਕਹੀ ਜਾ ਰਿਹਾ ਹੈ।) ਇਨਕਲਾਬ!! ਜ਼ਿੰਦਾਬਾਦ!!

## Azadi De Jahaz

ਆਵਾਜ਼ਾਂ: ਜ਼ਿੰਦਾਬਾਦ! ਜ਼ਿੰਦਾਬਾਦ!!

(ਪਰਦਾ)

**ਸੀਨ-4**

(ਸਟੇਜ ਤੇ ਮੁੜ ਇਕ ਬੁੱਢਾ ਬਾਬਾ ਪ੍ਰਵੇਸ਼ ਕਰਦਾ ਹੈ। ਸਧਾਰਣ ਕੱਪੜਿਆਂ ਵਾਲਾ ਇਹ ਬਜ਼ੁਰਗ ਹੋਰ ਵੀ ਕਮਜ਼ੋਰ ਤੇ ਰੁਲਿਆ ਹੋਇਆ ਮਹਿਸੂਸ ਹੁੰਦਾ ਹੈ।ਇਹ ਇਸ ਨਾਟਕ ਦਾ ਸੂਤਰਧਾਰ ਹੈ।ਇਸਦੇ ਸਾਰੇ ਸੰਵਾਦਾਂ ਦੌਰਾਨ ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਬੇੜਿਆਂ ਆਦਿ ਦੇ ਸਾਇਰਨਾਂ ਦੀ ਆਵਾਜ਼ ਉਭਰਦੀ ਤੇ ਮੱਧਮ ਪੈਦੀ ਰਹਿੰਦੀ ਹੈ।)

ਸੂਤਰਧਾਰ:...ਹਾਂ ਤੇ ਆਜ਼ਾਦੀ ਦਾ ਇਹ ਜ਼ਹਾਜ਼ ਤੁਰ ਗਿਆ। ਸਰਾਭੇ ਵਰਗੇ ਲਟ ਲਟ ਬਲਦੇ ਅਜ਼ਾਦ ਸੁਪਨਿਆਂ ਨੇ ਕਾਲੀਆਂ ਸਾਮਰਾਜੀ ਤਾਕਤਾਂ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ। ਪਰ ਹਿੰਦੋਸਤਾਨ ਦੇ ਗਲੋਂ ਗੁਲਾਮੀਂ ਦਾ ਜੂਲਾ ਲਹਿਣੋ ਰਹਿ ਗਿਆ। ਅਪਣੀਆਂ ਜਾਨਾਂ ਤੇ ਹੂਲ ਕੇ ਲਿਆਂਦਾ ਗਦਰ 'ਕਿਰਪਾਲ ਸਿੰਘ' ਜਿਹੇ ਮੁਖਬਰਾਂ ਕਾਰਨ ਐਨ ਮੌਕੇ ਤੇ ਕਾਮਯਾਬ ਹੋਣੋ ਰਹਿ ਗਿਆ। ਸਰਾਭਾ ਤੇ ਉਸਦੇ ਸਾਥੀ ਫੜੇ ਗਏ। ਕਰਤਾਰ ਸਿੰਘ ਸਰਾਭਾ ਸਭ ਤੋਂ ਨਿੱਕੀ ਉਮਰ ਦਾ ਵੱਡਾ ਇਨਕਲਾਬੀ ਸੀ ਜਿਸ ਨੂੰ ਕਾਲੀ ਹਕੂਮਤ ਨੇ ਫਾਂਸੀ ਦੀ ਸਜ਼ਾ ਸੁਣਾਈ। ਜ਼ੇਲ੍ਹ ਵਿੱਚ ਜਦ ਉਸਨੂੰ ਰਹਿਮ ਦੀ ਅਪੀਲ ਕਰਨ ਦੀ ਸਲਾਹ ਦਿੱਤੀ ਗਈ ਤਾਂ ਉਸਨੇ ਗਰਜ ਕੇ ਆਖਿਆ, "ਮੈਨੂੰ ਰਹਿਮ ਦੀਆਂ ਅਪੀਲਾਂ ਦੀਆਂ ਸਲਾਹ ਨਾ ਦਿਓ। ਮੈਨੂੰ ਜਲਦੀ ਤੋਂ ਜਲਦੀ ਫਾਂਸੀ ਦਿਓ। ਤਾਂ ਕਿ ਮੈਂ ਮੁੜ ਜਨਮ ਲਵਾਂ ਤੇ ਹਿੰਦੁਸਤਾਨ ਦੇ 33 ਕਰੋੜ ਲੋਕਾਂ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਅਪਣਾ ਅਧੂਰਾ ਕੰਮ ਮੁੜ ਚਾਲੂ ਕਰ ਸਕਾਂ। ਮੁੜ ਫਾਂਸੀ ਲੱਗਾਂ…ਮੁੜ ਜਨਮਾਂ ਜਦ ਤੀਕ ਮੇਰੀ ਧਰਤੀ ਮਾਂ ਆਜ਼ਾਦ ਨਹੀਂ ਹੋ ਜਾਂਦੀ।" ਮੇਰੇ ਕੰਨਾਂ 'ਚ ਅੱਜ ਵੀ ਉਸਦੀ ਗਰਜਨਾ ਦੀ ਗੂੰਜ ਗੂੰਜਦੀ ਹੈ। ਕਰਤਾਰ ਸਿੰਘ ਸਰਾਭਾ ਸ਼ਹੀਦ ਹੋ ਗਿਆ। ਮੇਰੇ ਮਨੋਂ ਗੁਲਾਮੀਂ ਦੀਆਂ ਜ਼ੰਜੀਰਾਂ ਅਤੇ ਬੇੜੀਆਂ ਲਹਿੰਦੀਆਂ ਲਹਿੰਦੀਆਂ ਸਗੋਂ ਹੋਰ ਕੱਸੀਆਂ ਗਈਆਂ…ਪਰ ਫਿਰ ਛੇਤੀਂ ਮੈਨੂੰ ਭਗਤ ਸਿੰਘ ਮਿਲਿਆ…ਨਿੱਕਾ ਜਿਹਾ ਭਗਤ ਸਿੰਘ…ਭਾਗਾਂਵਾਲਾ…!!!

# Azadi De Jahaz

### ਸੀਨ-5

(ਪੰਜਾਬ ਦੇ ਪਿੰਡ ਦਾ ਕੋਈ ਘਰ। ਰਾਤ ਦਾ ਸਮਾਂ। ਘਰ ਦੇ ਦਲਾਨ ‘ਚ ਡੱਠੇ ਮੰਜੇ। ਇੱਕ ਮੰਜੀ ਤੇ ਸੁੱਤਾ ਪਿਆ 10ਕੁ ਸਾਲਾਂ ਦਾ ਮੁੰਡਾ ਸੁੱਤਾ ਪਿਆ ਬੁੜ-ਬੁੜਾ ਰਿਹਾ ਹੈ। ਉਪਰ ਲਈ ਡੱਬੀ ਖੇਸੀ ਅੱਧ-ਪਚੱਧੀ ਲੱਥੀ ਹੋਈ ਹੈ। ਇੱਕ ਹੱਥ ਨਾਲ ਉਸਨੇ ਅਪਣੇ ਝੱਗੇ ਦੀ ਸੀਨੇ ਉੱਤਲੀ ਜੇਬ ਨੂੰ ਘੁੱਟ ਕੇ ਫੜਿਆ ਹੋਇਆ ਹੈ। ਉਸਦੇ ਬੁੜਾਉਣ ਦੀ ਆਵਾਜ਼ ਤੇਜ਼ ਹੁੰਦੀ ਹੈ।

ਮੁੰਡਾ: ਛੱਡੋ…ਛੱਡੋ ਬਾਬਾ ਜੀ ਨੂੰ ਛੱਡੋ। ਛੱਡ ਦਿਓ। ਨਹੀਂ ਨਹੀਂ ..ਤੁਸੀਂ ਮੇਰੇ ਕੋਲੋਂ …ਛੱਡੋ…ਬਾਬਾ ਜੀ ਮੈਂ ਆ ਰਿਹਾਂ…ਹਾਂ..ਹਾਂ…ਇਨਕਲਾਬ!!!

(ਪਰ੍ਹੇ ਇੱਕ ਮੰਜੇ ਤੋਂ ਉਸਦੀ ਬੇਬੇ ਸਿਰ ਤੇ ਪੱਲਾ ਕਰਦੀ ਉੱਠ ਕੇ ਉਸ ਵੱਲ ਜਾਂਦੀ ਹੈ। ਉਸਨੂੰ ਹਲੂਣਦਿਆਂ..)

ਬੇਬੇ: ਭਾਗਾਂ ਵਾਲਿਆ…ਪੁੱਤ…ਭਾਗਾਂ ਵਾਲਿਆ। ਹੋਸ਼ ਕਰ ਪੁੱਤ…!!

(ਮੁੰਡਾ ਅਭੜਵਾਹਾ ਉੱਠ ਬੈਠਦਾ ਹੈ। ਬੇਬੇ ਉਸਨੂੰ ਮੁੜ ਮੋਢਿਓਂ ਫੜ ਹਲੂਣਦੀ ਹੈ।)

ਬੇਬੇ: ਭਾਗਾਂ ਵਾਲਿਆ…ਬੁਰਾ ਸੁਫਨਾ ਸੀ …ਪੁੱਤ?? ਪਾਣੀ ਲਿਆਵਾਂ..??

ਮੁੰਡਾ: (ਹੋਲੀ ਹੌਲੀ ਮੰਜੇ ਤੋਂ ਉੱਠਦਿਆਂ…) ਆਜ਼ਾਦੀ ਦਾ ਸੁਫਨਾ ਸੀ ਬੇਬੇ….!!

ਬੇਬੇ: (ਡਰ ਤੇ ਹੈਰਾਨੀ ਨਾਲ ਉਸਦੇ ਮੂੰਹ ਵੱਲ ਤੱਕਦਿਆਂ) ਆਜ਼ਾਦੀ ਦਾ ਸੁਫਨਾ…??

ਮੁੰਡਾ: ਹਾਂ ਬੇਬੇ… ਆਜ਼ਾਦੀ ਦਾ ਸੁਫਨਾ ਸੀ। ਚਿੱਟੇ ਘਸਮੈਲੇ…ਅੱਧਪਾਟੇ ਕੱਪੜੇ…ਸਿਰ ਤੇ ਬਾਪੂ ਜੀ ਵਰਗੀ ਪੱਗ…ਹੱਥਾਂ ‘ਚ ਹੱਥਕੜੀਆਂ…ਪੈਰਾਂ ‘ਚ ਬੇੜੀਆਂ…

ਬੇਬੇ: (ਡਰ ਨਾਲ) ਭਾਗਾਂ ਵਾਲਿਆ…ਪੁੱਤ ਹੋਸ਼ ਕਰ!!

ਮੁੰਡਾ: (ਅਪਣੇ ਧਿਆਨ) ਇੱਕ ਲੰਬਾ ਸਾਰਾ ਕਾਲਾ ਸ਼ਾਹ ਹੱਥ ਉਸਨੂੰ ਗਲ ‘ਚ ਰੱਸਾ ਪਾ ਕੇ ਖਿੱਚਦਾ ਸੀ ਬੇਬੇ…ਉਹ ਬਾਬਾ …ਆਜ਼ਾਦੀ ਦਾ ਸੁਫਨਾ…ਮੇਰੇ ਵੱਲ ਲਾਚਾਰ ਅੱਖਾਂ ਨਾਲ ਮੱਦਦ ਲਈ ਵੇਖ ਰਿਹਾ ਸੀ…ਮੈਂ ਅੱਗੇ ਵੱਧ ਕੇ ਉਸ ਕਾਲੇ ਹੱਥ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਕਾਲਾ ਹੱਥ ਮੇਰੀ ਜੇਬ੍ਹੀ ਤੇ ਝਪਟ ਪਿਆ…ਮੈਥੋਂ ਸਰਾਭੇ ਦੀ ਫੋਟੋ ਖੋਹਣ…ਫਿਰ ਮੈਂ ਦੇਖਿਆ ਮੇਰੀਆਂ ਦੋਵੇਂ ਬਾਂਹਾਂ ਬੰਦੂਕ ਦੀਆਂ ਨਾਲੀਆਂ ਬਣ ਗਈਆਂ…ਕਾਲਾ ਹੱਥ ਕੰਬ ਗਿਆ…ਮੈਂ ਚਲਾਉਣ ਲੱਗਿਆ ਸੀ ਕਿ ਤੂੰ ਜਗਾ ਦਿੱਤਾ…ਪਰ…ਪਰ ਬੇਬੇ…

ਬੇਬੇ: (ਸਹਿਮ ਕੇ) ਪਰ ਕੀ…??

ਮੁੰਡਾ: (ਅਪਣੀ ਜੇਬੀ ਚੋਂ ਸਰਾਭੇ ਦੀ ਫੋਟੋ ਕੱਢ ਕੇ ਬੇਬੇ ਅੱਗੇ ਕਰਦਿਆਂ) ਪਰ…ਬੇਬੇ ਮੈਂ ਸਰਾਭੇ ਦੀ ਫੋਟੋ ਜਾਣ ਨਈਂ ਦਿੱਤੀ…ਆਹ ਵੇਖ!!

ਬੇਬੇ: ਇਹ ਤੂੰ ਕੀ ਗੱਲਾਂ ਕਰਨੈਂ ਪਿਆ…ਮੇਰੇ ਚਿੱਤ ਨੂੰ ਕੁਝ-2 ਹੁੰਦੈ…ਮੈਨੂੰ ਤੇਰੀਆਂ ਗੱਲਾਂ ਦੀ ਕੋਈ ਸਮਝ ਨਹੀਂ ਲੱਗਦੀ। ਹੋਸ਼ ਕਰ..!!

ਮੁੰਡਾ: ਹਾਂ ਹਾਂ ਬੇਬੇ ਤੂੰ ਠੀਕ ਕਹਿਨੀ ਏਂ…ਹੋਸ਼ ਕਰਨੀ ਪਵੇਗੀ…ਮੈਨੂੰ ਇਹ ਸੁਫਨਾ ਸਭ ਕੁਝ ਸਮਝਾ ਗਿਐ…

ਬੇਬੇ: ਕੀ ਸਮਝਾ ਗਿਐ…?

## Azadi De Jahaz

ਮੁੰਡਾ: ਸਾਨੂੰ ਅਪਣੀਆਂ ਬਾਹਾਂ ਨੂੰ ਬੰਦੂਕਾਂ ਬਣਾਉਣਾ ਪਵੇਗਾ…ਸਾਨੂੰ ਬਹੁਤ ਸਾਰੀਆਂ ਬੰਦੂਕਾਂ ਦੀ ਲੋੜ ਹੈ…ਬੇਬੇ…ਬਹੁਤ ਸਾਰੀਆਂ…ਅਸੀਂ ਬੰਦੂਕਾਂ ਬੀਜਾਂਗੇ…ਸਾਡੇ ਖੇਤਾਂ 'ਚ ਬੰਦੂਕਾਂ ਉਗਣਗੀਆਂ…ਤਾਂ ਹੀ ਉਹ ਕਾਲਾ ਸਾਮਰਾਜੀ ਹੱਥ ਸਾਡੇ ਗਲਮਿਆਂ ਤੋਂ ਦੂਰ ਹੋਵੇਗਾ…

ਬੇਬੇ: ਬੱਸ ਕਰ ਭਾਗਾਂ ਵਾਲਿਆ ਬੱਸ ਕਰ…ਤਕਾਲ ਸਿੰਹੁ ਦਾ ਵੇਲਾ ਏ…ਅਰਾਮ ਨਾਲ ਸੌਂ ਜਾ …ਜਿਹੜਾ ਕੁਛ ਚੈਨ ਤੇਰੇ ਨਾਲ ਇਸ ਘਰ 'ਚ ਬਚਿਆ ਏ ਉਹ ਤਾਂ ਮੈਥੋਂ ਨਾ ਖੋਹ…(ਡੁਸਕਣ ਲੱਗਦੀ ਹੈ)

ਮੁੰਡਾ: ਬੇਬੇ ਇਹ ਰਾਤ ਸੌਣ ਵਾਲੀ ਨਹੀਂ…ਜਾਗਣ ਵਾਲੀ ਹੈ…ਸਾਨੂੰ ਜਾਗਣਾ ਹੋਵੇਗਾ ਬੇਬੇ…ਮੈਂ ਸਾਰਿਆਂ ਨੂੰ ਜਗਾਵਾਂਗਾ…ਬੇਬੇ ਜੇਕਰ ਏਸ ਰਾਤ ਨੂੰ 33 ਕਰੋੜ ਲੋਕ ਜਾਗ ਪੈਣ ਤਾਂ ਸੈਆਂ ਸੂਰਜਾਂ ਜਿੰਨੀ ਲੋਅ ਹੋ ਜਾਵੇ…ਨੇਰ੍ਹੇ ਦਾ ਨਿਸ਼ਾਨ ਨਾ ਰਹੇ। ਕਾਲਾ ਹੱਥ ਮੁਰਦਾ ਬਾਦ!!…ਉਜਾਲਾ ਜ਼ਿੰਦਾਬਾਦ!!! ਮੈਂ ਹੁਣੇ ਜਾਂਦਾ ਹਾਂ ਬੇਬੇ…ਸਾਰਿਆਂ ਨੂੰ ਜਗਾਉਣ…(ਦਲਾਨ ਤੋਂ ਬਾਹਰ ਵੱਲ ਜਾਣ ਲੱਗਦਾ ਹੈ)

ਬੇਬੇ: (ਹਟਕੋਰਾ ਜਿਹਾ ਭਰ ਕੇ ਉਸਨੂੰ ਅੱਗੇ ਵੱਧ ਕੇ ਰੋਕਦਿਆਂ) ਬੱਸ ਕਰ ਭਾਗਾਂਵਾਲਿਆ…ਬੱਸ ਕਰ…ਤੂੰ ਵੀ ਅਪਣੇ ਬਾਪੂ ਤੇ ਚਾਚੇ ਵਾਲੇ ਰਾਹਾਂ ਤੇ ਪੈ ਗਿਆ ਤਾਂ ਸਾਡਾ ਘਰ ਉੱਜੜ ਜਾਊ…ਅਪਣੀ ਬੇਬੇ…ਚਾਚੀ ਤੇ ਭੂਆ ਦੀ ਜ਼ਿੰਦਗੀ ਵੱਲ ਵੇਖ ਪੁੱਤ ਕੁਝ ਹੋਸ਼ ਕਰ।

ਮੁੰਡਾ: ਬੇਬੇ ਤੂੰ ਮੈਨੂੰ ਰੋਕ ਨਾ…(ਕਾਹਲੀ ਨਾਲ ਬਾਹਰ ਵੱਲ ਨਿਕਲ ਜਾਂਦਾ ਹੈ। ਬੇਬੇ ਆਵਾਕ ਉਸ ਵੱਲ ਵੇਖਦੀ ਰਹਿ ਜਾਂਦੀ ਹੈ। ਸਟੇਜ ਤੇ ਹਨੇਰਾ ਫੈਲਦਾ ਹੈ। ਬੈਕਰਊਂਡ ਚੋਂ ਭਾਗਾਂ ਵਾਲੇ ਦੀਆਂ ਆਵਾਜ਼ਾਂ ਆਉਂਦੀਆਂ ਹਨ।

ਆਵਾਜ਼ਾਂ: ਕਾਲਾ ਹੱਥ ਮੁਰਦਾ ਬਾਦ!!…ਉਜਾਲਾ ਜ਼ਿੰਦਾਬਾਦ!!! ਜਾਗਦੇ ਰਹਿਣਾ ਬਈ ਓ…!!

(ਪਿੱਠਭੂਮੀ ਚੋਂ ਗੀਤ ਦੇ ਬੋਲ ਉਭਰਦੇ ਹਨ:

'ਆਨ, ਸ਼ਾਨ, ਸਵੈਮਾਨ ਆਜ਼ਾਦੀ ।
ਇਨਸਾਨਾਂ ਦੀ ਪਹਿਚਾਨ ਆਜ਼ਾਦੀ ॥

ਆਜ਼ਾਦੀ ਬਿਨ ਕਾਹਦੀ ਜ਼ਿੰਦਗੀ,
ਸ਼ਮਲਾ ਖੜ੍ਹੇ,ਨਾ ਚੁੰਨੀ ਟਿਕਦੀ।
ਠੰਢੇ ਚੁੱਲ੍ਹੇ, ਦੀਵੇ ਅਣ-ਲੋਏ
ਸੁਣੇ ਘਰਾਂ ਚੋਂ ਚੁੱਪ ਕਬਰਾਂ ਦੀ॥

ਆਨ, ਸ਼ਾਨ, ਸਵੈਮਾਨ ਆਜ਼ਾਦੀ ।
ਇਨਸਾਨਾਂ ਦੀ ਪਹਿਚਾਨ ਆਜ਼ਾਦੀ ॥

ਤੇ ਹੌਲੀ ਹੌਲੀ ਮੱਧਮ ਪੈਂਦੇ ਹਨ । ਸਟੇਜ ਤੇ ਰੌਸ਼ਨੀ ਪਰਤਦੀ ਹੈ।)

**ਸੀਨ-6**

(ਸਤੰਬਰ 1928. ਨੌਜਵਾਨ ਭਾਰਤ ਸਭਾ ਦੀ ਮੀਟਿੰਗ ਦਾ ਦ੍ਰਿਸ਼। ਗੋਲ ਦਾਇਰੇ 'ਚ ਕੁਰਸੀਆਂ ਡਾਹ ਕੇ ਬੈਠੇ ਕੁਝ ਇਨਕਲਾਬੀ। ਇਕ ਛੋਟੇ ਮੇਜ ਪਿੱਛੇ ਖੜ੍ਹਾ,ਵੀਹਾਂ ਕੁ ਵਰ੍ਹਿਆਂ ਦਾ ਨੌਜਵਾਨ ਭਗਤ ਸਿੰਘ ਸਭਾ ਦੀ ਸਕੱਤਰੀ ਕਰ ਰਿਹਾ ਹੈ। ਮੇਜ ਤੇ ਕੁਝ ਇਸ਼ਤਿਹਾਰ ਤੇ ਕਾਗਜ਼ ਪੱਤਰ ਪਏ ਨਜ਼ਰ ਆ ਰਹੇ ਹਨ।)

ਭਗਤ ਸਿੰਘ: ਸਾਥੀਓ ਅੱਜ ਦੀ ਇਹ ਮੀਟਿੰਗ ਫਰਵਰੀ 'ਚ ਲਾਹੌਰ ਆ ਰਹੇ ਸਾਈਮਨ ਕਮਿਸ਼ਨ ਬਾਰੇ ਵਿਚਾਰਾਂ ਕਰਨ ਲਈ ਬੁਲਾਈ ਗਈ ਹੈ। ਮੈਨੂੰ ਖੁਸ਼ੀ ਹੈ ਕਿ ਅੱਜ ਇਸ ਮੀਟਿੰਗ 'ਚ ਰਾਜਗੁਰੂ, ਸੁਖਦੇਵ, ਬੀ.ਕੇ ਦੱਤ, ਚੰਦਰ ਸ਼ੇਖਰ ਤੋਂ ਇਲਾਵਾ ਲਾਲਾ ਲਾਜਪਤ ਰਾਏ ਜੀ ਵੀ ਅਪਣੇ ਕੁਝ ਸਾਥੀਆਂ ਨਾਲ ਸ਼ਾਮਲ ਹਨ। ਇਸ ਤੋਂ ਪਹਿਲਾਂ ਕਿ ਅੱਜ ਦੀ ਸਭਾ ਦੀ ਸਦਾਰਤ ਲਈ ਮੈਂ ਕਿਸੇ ਸਾਥੀ ਨੂੰ ਕਹਾਂ, ਮੈਂ ਤੁਹਾਡੇ ਨਾਲ ਅਪਣੀ ਸਭਾ 'ਚ ਪਹਿਲੀ ਵੇਰ ਸ਼ਾਮਲ ਹੋਏ ਇਕ ਸਾਥੀ ਨਾਲ ਤੁਹਾਡਾ ਤੁਆਰਫ਼ ਕਰਵਾਉਣਾ ਚਾਹੁੰਦਾ ਹਾਂ।

(ਮੁਸਕਰਾ ਕੇ ਪਰ੍ਹੇ ਇਕ ਕੁਰਸੀ ਤੇ ਬੈਠੇ 27-28 ਸਾਲਾ ਨੌਜਵਾਨ ਵੱਲ ਇਸ਼ਾਰਾ ਕਰਦਿਆਂ।)

ਭਗਤ ਸਿੰਘ: ਇਹ ਹਨ ਸਾਥੀ ਊਧਮ ਸਿੰਘ।

(ਸਾਰੇ ਜਣੇ ਬੜੇ ਗਹੁ ਨਾਲ ਊਧਮ ਸਿੰਘ ਵੱਲ ਵੇਖਦੇ ਹਨ।)

ਭਗਤ ਸਿੰਘ: ਚੰਗਾ ਹੋਵੇ ਜੇਕਰ ਊਧਮ ਸਿੰਘ ਹੁਰੀਂ ਅਪਣੀ ਬਾਰੇ ਕੁਝ ਸ਼ਬਦ ਆਪ ਹੀ ਕਹਿਣ...!!

(ਊਧਮ ਸਿੰਘ ਅਪਣੀ ਕੁਰਸੀ ਤੋਂ ਉੱਠ ਕੇ ਖੜਾ ਹੁੰਦਿਆਂ।)

ਊਧਮ ਸਿੰਘ: ਇਨਕਲਾਬ! ਜ਼ਿੰਦਾਬਾਦ!! ਇਨਕਲਾਬ...!!!!

ਸਾਰੇ ਸਾਥੀ: ਜ਼ਿੰਦਾਬਾਦ!!

ਊਧਮ ਸਿੰਘ: ਸਾਥੀਓ। ਮੇਰੇ ਕੋਲ ਕੁਝ ਕਹਿਣ ਲਈ ਨਹੀਂ। ਗੁਲਾਮ ਕੁਝ ਕਹਿਣ ਜੋਗੇ ਹੁੰਦੇ ਹੀ ਨਹੀਂ। ਜੇਕਰ ਹੁੰਦੇ ਤਾਂ ਜਲ੍ਹਿਆ ਵਾਲੇ ਬਾਗ ਦਾ ਸਾਕਾ ਨਾ ਵਾਪਰਦਾ। ਮੈਂ ਇਹਨਾਂ ਅੱਖਾਂ ਦੇ ਸਾਵੇਂ ਅਪਣੇ ਬੁੱਢੇ ਬਾਪੂ, ਮਾਤਾਵਾਂ, ਨੌਜਵਾਨ ਭੈਣਾਂ ਭਰਾ ਗੋਲੀਆਂ ਨਾਲ ਭੁੰਨ ਹੁੰਦੇ ਵੇਖੇ ਹਨ। ਖ਼ੂਨ ਨਾਲ ਲੱਥਪੱਥ ਮਾਵਾਂ ਕੋਲ ਵਿਰਲਾਪ ਕਰਦੇ ਮਾਸੂਮਾਂ ਦੀ ਕਰੁਣਾਮਈ ਚੀਖੋ-ਪੁਕਾਰ ਸੁਣੀ ਹੈ। ਬੱਸ ਉਸ ਦਿਨ ਤੋਂ ਮੇਰਾ ਇੱਕੋ ਇੱਕ ਮਕਸਦ ਹੈ। ਇਸ ਸਾਕੇ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ। ਖ਼ੂਨ ਦਾ ਬਦਲਾ ਖ਼ੂਨ ਨਾਲ ਚੁਕਾਉਣਾ। ਜਲ੍ਹਿਆਂ ਵਾਲੇ ਬਾਗ ਦੀ ਮੇਰੇ ਦੇਸ਼ ਵਾਸੀਆਂ ਦੇ ਲਹੂ ਨਾਲ ਲੱਥਪੱਥ ਪਵਿੱਤਰ ਮਿੱਟੀ ਇਕ ਪਲ ਵੀ ਮੇਰੀਆਂ ਅੱਖਾਂ ਤੋਂ ਉਹਲੇ ਨਹੀਂ ਹੁੰਦੀ।

(ਅਪਣੀ ਜੇਬ੍ਹ ਚੋਂ ਇਕ ਨਿੱਕੀ ਜਿਹੀ ਪੋਟਲੀ ਕੱਢ ਕੇ ਮੇਜ਼ ਤੇ ਖੋਹਲ ਕੇ ਰੱਖ ਦਿੰਦਾ ਹੈ। ਸਾਰੇ ਉਸ ਵੱਲ ਗਹੁ ਨਾਲ ਵੇਖਦੇ ਹਨ।)

ਊਧਮ ਸਿੰਘ: ਹਾਂ ਸਾਥੀਓ! ਇਹ ਹੈ ਜਲ੍ਹਿਆਂ ਵਾਲੇ ਬਾਗ ਦੀ ਰੱਤ ਭਿੱਜੀ ਪਵਿੱਤਰ ਮਿੱਟੀ ਜੋ ਹਰ ਵੇਲੇ ਮੈਂ ਸੀਨੇ ਨਾਲ ਲਾ ਕੇ ਰੱਖਦਾ ਹਾਂ। ਇਹੀ ਮੇਰਾ ਤੁਆਰਫ਼ ਹੈ।

ਭਗਤ ਸਿੰਘ: (ਜੋਸ਼ ਨਾਲ ਬਾਂਹ ਉਲਾਰ ਕੇ) ਇਨਕਲਾਬ!!!

ਸਾਰੇ: ਜ਼ਿੰਦਾਬਾਦ!!!

ਭਗਤ ਸਿੰਘ: ਮੈਂ ਸੁਝਾਅ ਦਿੰਦਾ ਹਾਂ ਕਿ ਅੱਜ ਦੀ ਮੀਟਿੰਗ ਇਸ ਪਵਿੱਤਰ ਮਿੱਟੀ ਦੀ ਸਦਾਰਤ 'ਚ ਹੋਵੇ।

ਕਈ ਆਵਾਜ਼ਾਂ: ਇਨਕਲਾਬ!...ਜ਼ਿੰਦਾਬਾਦ!!

## Azadi De Jahaz

ਭਗਤ ਸਿੰਘ: ਜਿਵੇਂ ਮੈਂ ਪਹਿਲਾਂ ਕਿਹਾ ਸੀ ਕਿ ਫਰੰਗੀ ਹਕੂਮਤ ਵਲੋਂ ਇਕ ਕਮਿਸ਼ਨ ਅਕਤੂਬਰ 'ਚ ਲਾਹੌਰ ਭੇਜਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਇਹ ਕਮਿਸ਼ਨ ਇਹ ਫੈਸਲਾ ਕਰਨ ਲਈ ਹੈ ਕਿ ਹਿੰਦੁਸਤਾਨੀਆਂ ਨੂੰ ਕਿੰਨੀ ਕੁ ਆਜ਼ਾਦੀ ਦਿੱਤੀ ਜਾ ਸਕਦੀ ਹੈ ਜਾਂ ਦੇਣੀ ਚਾਹੀਦੀ ਹੈ। ਇਸ ਕਮਿਸ਼ਨ ਦਾ ਏਸ ਮੁੱਦੇ ਨਾਲ ਹਿੰਦੁਸਤਾਨ ਆਉਣਾ 33 ਕਰੋੜ ਲੋਕਾਂ ਦੇ ਮੂੰਹ ਤੇ ਚਪੇੜ ਹੈ। ਇਹ ਫੈਸਲਾ ਕਰਨ ਵਾਲੀ ਬਰਤਾਨੀਆਂ ਸਰਕਾਰ ਕੌਣ ਹੁੰਦੀ ਹੈ। ਅਸੀਂ ਪੂਰਨ ਆਜ਼ਾਦੀ ਲਵਾਂਗੇ। ਇਹ ਸਾਡਾ ਹਿੰਦੁਸਤਾਨੀਆਂ ਦਾ ਫੈਸਲਾ ਹੈ।

ਆਵਾਜ਼: ਇਨਕਲਾਬ!

ਸਾਰੇ: ਜ਼ਿੰਦਾਬਾਦ!!

ਭਗਤ ਸਿੰਘ: ਸਾਈਮਨ ਕਮਿਸ਼ਨ ਦੇ ਇਸ ਮੁੱਦੇ ਬਾਰੇ ਲਾਲਾ ਲਾਜਪਤ ਰਾਏ ਹੁਰੀਂ ਲੋਕਾਂ ਨੂੰ ਲਾਮਬੱਧ ਕਰ ਰਹੇ ਹਨ। ਇਸੇ ਤਿਆਰੀ ਤਹਿਤ ਉਹ ਅੱਜ ਸਾਡੇ ਪਾਸ ਆਏ ਹਨ। ਮੈਂ ਲਾਲਾ ਜੀ ਨੂੰ ਕਹਾਂਗਾ ਕਿ ਅਪਣੇ ਵਿਚਾਰ ਰੱਖਣ।

(ਅੱਧਖੜ ਉਮਰ ਦਾ ਪਰ ਚੁਸਤ ਦਿਸਦਾ ਇੱਕ ਕਲੀਨ ਸ਼ੇਵ ਸੰਘਣੀਆਂ ਪਰ ਸੁਆਰ ਕੇ ਕੱਟੀਆਂ ਮੁੱਛਾਂ ਵਾਲਾ ਆਦਮੀ ਅਪਣੀ ਚਾਦਰ ਨੂੰ ਮੋਢੇ ਤੇ ਸੁੱਟਦਾ ਖੜਾ ਹੁੰਦਾ ਹੈ।)

ਲਾਜਪਤ ਰਾਏ: ਬੰਦੇ ਮਾਤਰਮ!!

ਸਾਰੇ: ਬੰਦੇ ਮਾਤਰਮ!!

ਲਾਜਪਤ ਰਾਏ: ਨੌਜਵਾਨ ਭਾਰਤ ਸਭਾ ਦੇ ਸਾਰੇ ਸਾਥੀਓ! ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੀ ਬੇਨਤੀ ਮੰਨ ਕੇ ਏਥੇ ਇਕੱਤਰ ਹੋਏ ਹੋ। ਜਿਵੇਂ ਕਿ ਭਗਤ ਸਿੰਘ ਨੇ ਦੱਸਿਐ...ਸਾਈਮਨ ਕਮਿਸ਼ਨ ਹਿੰਦੁਸਤਾਨੀਆਂ ਨਾਲ ਕੋਹਝਾ ਮਜਾਕ ਹੈ। ਇਹ ਆ ਤਾਂ ਇਸ ਮਕਸਦ ਨਾਲ ਰਿਹਾ ਹੈ ਕਿ ਪਤਾ ਲਗਾ ਸਕੇ ਕਿ ਹਿੰਦੁਸਤਾਨੀ ਆਜ਼ਾਦੀ ਲਈ ਤਿਆਰ ਹਨ ਕਿ ਨਹੀਂ...ਪਰ ਇਸ ਵਿੱਚ ਇੱਕ ਵੀ ਮੈਂਬਰ ਹਿੰਦੁਸਤਾਨੀ ਨਹੀਂ। ਅਸੀਂ ਇਸ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕਰਾਂਗੇ। ਸਾਨੂੰ ਇਸਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਜਿਸ ਲਈ ਮੈਂ ਤੁਹਾਡੇ ਸਾਰੇ ਸਾਥੀਆਂ ਤੋਂ ਸਹਿਯੋਗ ਦੀ ਮੰਗ ਕਰਦਾ ਹਾਂ।

(ਇਕ ਨੌਜਵਾਨ ਹੱਥ ਖੜਾ ਕਰਦਾ ਹੈ।)

ਭਗਤ ਸਿੰਘ: ਸੁਖਦੇਵ ਕੁਝ ਕਹਿਣਾ ਚਾਹੁੰਦਾ ਹੈ..।

ਸੁਖਦੇਵ: ਲਾਲਾ ਜੀ, ਅਸੀਂ ਤਾਂ ਹਰ ਸਮੇਂ ਹਿੰਦੁਸਤਾਨ ਦੀ ਆਜ਼ਾਦੀ ਲਈ ਲੜ ਰਹੇ ਹਰ ਸਿਪਾਹੀ ਦਾ ਸਹਿਯੋਗ ਕਰਨ ਲਈ ਤਿਆਰ ਰਹਿੰਦੇ ਹਾਂ...ਪਰ ਤੁਹਾਡੇ ਨੈਸ਼ਨਲ ਕਾਂਗਰਸ ਦੇ ਨੇਤਾ ਪੈਰ੍ਹ ਪੈਰ੍ਹ ਤੇ ਸਾਨੂੰ ਭੁੱਲੜ, ਭਟਕੇ ਹੋਏ ਅਤੇ ਸਿਰਫਿਰੇ ਲਕਬ ਬਖਸ਼ਦੇ ਰਹਿੰਦੇ ਹਨ। ਏਥੋਂ ਤੀਕ ਕਿ ਮਹਾਤਮਾ ਜੀ ਸਾਨੂੰ ਰਹਿ ਰਹਿ ਕੇ ਅਪਣੀ ਜਦੋਜਹਿਦ ਬੰਦ ਕਰਨ ਦੀਆਂ ਅਪੀਲਾਂ ਕਰਦੇ ਹਨ। ਅਸੀਂ ਤੁਹਾਡੇ ਕੋਲੋਂ ਸਹਿਯੋਗ ਦੀ ਤਵੱਕੋਂ ਰਖੀਏ ਕਿ ਨਾਂ?

ਲਾਜਪਤ ਰਾਏ: ਸਾਥੀਓ! ਇਵੇਂ ਦੀਆਂ ਦਲੀਲਾਂ ਨਾ ਦਿਓ। ਮਹਾਤਮਾ ਜੀ ਦੀ ਲਾਈਨ ਅਹਿੰਸਾ ਪਰਮੋਧਰਮਾ ਤੇ ਅਧਾਰਿਤ ਹੈ। ਤੁਸੀਂ ਇਹ ਵੀ ਵੇਖੋ ਕਿ ਹਿੰਦੁਸਤਾਨੀ ਇਤਿਹਾਸ ਵਿੱਚ ਹੁਣ ਤੀਕ ਅਹਿੰਸਾ ਨੂੰ 'ਹਥਿਆਰ' ਬਣਾ ਕੇ ਵਰਤਣ ਵਾਲੇ ਉਹ ਪਹਿਲੇ ਇੱਕੋ ਇੱਕ ਮਹਾਂਪੁਰਸ਼ ਹਨ।

ਭਗਤ ਸਿੰਘ: ਚੰਦਰ ਸ਼ੇਖਰ ਦਾ ਕੁਮਿੰਟ...ਹੈ।

ਚੰਦਰ ਸ਼ੇਖਰ: ਲਾਲਾ ਜੀ ਸਾਨੂੰ ਤਾਂ ਇਹ ਜਾਪਦਾ ਹੈ ਕਿ ਮਹਾਤਮਾ ਹੁਰਾਂ ਨੂੰ 'ਆਜ਼ਾਦੀ' ਨਾਲੋਂ ਅਪਣੀ 'ਅਹਿੰਸਾ' ਦੀ ਵਧੇਰੇ ਫਿਕਰ ਹੈ।

ਸੁਖਦੇਵ: (ਵਿੱਚੋਂ ਟੋਕਦਿਆਂ) ਚੰਦਰ ਸ਼ੇਖਰ ਬਾਬੂ ਠੀਕ ਕਹਿੰਦੇ ਹਨ। ਲਾਲਾ ਜੀ ! ਗਦਰ ਲਹਿਰ ਦੇ ਕਿੰਨੇ ਯੋਧੇ ਪਿਛਲੇ 11 ਬਾਰਾਂ ਸਾਲਾਂ ਤੋਂ ਜੇਲ੍ਹਾਂ ਵਿੱਚ ਸੜ ਰਹੇ ਹਨ। ਪਰ ਨੈਸ਼ਨਲ ਕਾਂਗਰਸ ਉਹਨਾ ਨੂੰ ਰਿਹਾ ਕਰਾਉਣ ਲਈ ਕੁਝ ਨਹੀਂ ਕਰ ਰਹੀ ਕਿਉਂਕਿ ਉਹ 'ਅਹਿੰਸਾ ਪਰਮੋਧਰਮਾ' ਦੇ ਧਾਰਨੀ ਨਹੀਂ। ਪਰ ਅਸੀਂ ਪੁੱਛਦੇ ਹਾਂ ਕਿ ਕੀ ਉਹ ਜੰਗੇ ਆਜ਼ਾਦੀ ਦੇ ਸਿਪਾਹੀ ਨਹੀਂ? ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਦਾ ਕੀ ਮਕਸਦ ਸੀ? ਕਰਤਾਰ ਸਿੰਘ ਸਰਾਭਾ ਕਿਉਂ ਮਰਿਆ? ਜਵਾਬ ਚਿੱਟੇ ਦਿਨ ਵਾਂਗ ਸਾਫ ਹੈ: ਉਹ ਅਪਣੇ ਦੇਸ਼ ਲਈ ਮਰਿਆ ਅਤੇ ਦੇਸ਼ ਦੀ ਆਜ਼ਾਦੀ ਲਈ ਜੂਝਦਿਆਂ ਜਾਨ ਵਾਰਨ ਤੋਂ ਸਿਵਾ ਉਸਦਾ ਕੋਈ ਹੋਰ ਮਕਸਦ ਨਹੀਂ ਸੀ।

ਭਗਤ ਸਿੰਘ: (ਇਕ ਹੱਥ ਖੜਾ ਕੀਤੇ ਨੌਜਵਾਨ ਵੱਲ ਇਸ਼ਾਰਾ ਕਰਕੇ) ਰਾਜਗੁਰੂ ਕੁਝ ਕਹਿਣਾ ਚਾਹੁੰਦਾ ਹੈ..।

ਰਾਜਗੁਰੂ: ਕੀ ਮਹਾਤਮਾ ਜੀ ਸਾਨੂੰ ਇਹ ਦੱਸਣ ਦੀ ਖੇਚਲ ਕਰਨਗੇ ਕਿ ਏਸ ਕਾਲੀ ਸਾਮਰਾਜੀ ਤਾਕਤ ਦੇ ਰਾਜ 'ਚ ਜਦ ਕਿ ਹਿੰਦੁਸਤਾਨੀ ਭੁੱਖਮਰੀ, ਗਰੀਬੀ ਅਤੇ ਗੁਲਾਮੀ ਦੀ ਚੱਕੀ 'ਚ ਪਿਸ ਰਹੇ ਹਨ 'ਅਹਿੰਸਾ ਪਰਮੋਧਰਮਾ' ਵਧੇਰੇ ਮਹੱਤਵਪੂਰਨ ਹੈ ਜਾਂ ਫਿਰ 'ਆਜ਼ਾਦੀ ਪਰਮੋਧਰਮਾ'?

ਭਗਤ ਸਿੰਘ: ਲਾਲਾ ਜੀ ਮੈਂ ਅਪਣੇ ਸਾਥੀਆਂ ਦੇ ਬਿਲਕੁਲ ਜ਼ਾਇਜ਼ ਗਿਲਿਆਂ 'ਚ ਇਕ ਦੋ ਗੱਲਾਂ ਹੋਰ ਜੋੜਨੀਆਂ ਚਾਹੁੰਦਾ ਹਾਂ। ਮਹਾਤਮਾ ਜੀ ਅਤੇ ਕਈ ਹੋਰ ਕਹਿੰਦੇ ਕਹਾਂਉਂਦੇ ਨੈਸ਼ਨਲ ਕਾਂਗਰਸੀਏ ਅਕਸਰ ਸਾਡੇ ਸੰਘਰਸ਼ ਨੂੰ ਮੁਜਰਮਾਨਾ ਅਤੇ ਅੱਤਵਾਦੀ ਕਹਿੰਦੇ ਹਨ। ਮੈਂ ਉਹਨਾਂ ਨੂੰ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਇਕ ਦੇਸ਼ਵਾਸੀ ਅਪਣੇ ਦੇਸ਼ ਦੀ ਆਨ ਸ਼ਾਨ ਦੀ ਰੱਖਿਆ ਲਈ…ਅਨਿਆਂ ਦੀ ਚੱਕੀ 'ਚ ਪਿਸਦੇ ਗਰੀਬ ਮਜ਼ਲੂਮ ਦੇਸ਼ ਵਾਸੀਆਂ ਨੂੰ ਉਹਨਾਂ ਦੇ ਹੱਕ ਦਿਵਾਉਣ ਲਈ…ਮਨੁੱਖ ਹੱਥੋਂ ਲੁੱਟੇ ਜਾ ਰਹੇ ਮਨੁੱਖਾਂ ਦੇ ਹੱਕ ਵਿੱਚ… ਹਥਿਆਰ ਚੁੱਕਦਾ ਹੈ ਤਾਂ ਉਹ ਸੱਚਾ ਦੇਸ਼ ਭਗਤ ਹੁੰਦਾ ਹੈ…ਮੁਜ਼ਰਮ ਨਹੀਂ। ਉਹ ਹਿੰਸਾ ਦਾ ਰਾਹ ਜ਼ਰੂਰ ਵਰਤਦਾ ਹੈ ਪਰ ਉਸਦੀ ਹਿੰਸਾ ਕਿਵੇਂ ਵੀ 'ਅੱਤਵਾਦ' ਨੂੰ ਜਨਮ ਨਹੀਂ ਦਿੰਦੀ। ਭਾਵੇਂ ਮੁਜਰਮ ਅਤੇ ਖਾੜਕੂ-ਦੇਸ਼ਭਗਤ ਦੋਵੇਂ ਹਿੰਸਾ ਵਰਤਦੇ ਹਨ ਪਰ ਉਹਨਾਂ ਦੀ ਹਿੰਸਾ ਪਿੱਛੇ ਛੁਪੀ ਅਸਲ ਭਾਵਨਾ ਉਹਨਾਂ ਦੀ ਅਸਲੀ ਪਛਾਣ ਹੁੰਦੀ ਹੈ। ਅਸੀਂ ਮੰਨਦੇ ਹਾਂ ਕਿ 'ਅਹਿੰਸਾ' ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ…ਪਰ ਸਖਤ ਲੋੜ ਸਮੇਂ ਤਾਕਤ ਦੀ ਵਰਤੋਂ ਕਿਵੇਂ ਵੀ ਨਾਜ਼ਾਇਜ਼ ਨਹੀਂ।

ਲਾਜਪਤ ਰਾਏ: ਸਾਥੀਓ! ਮੈਂ ਤੁਹਾਡੀਆਂ ਭਾਵਨਾਵਾਂ ਸਮਝਦਾ ਹਾਂ। ਪਰ ਇਹ ਬਹਿਸ ਆਪਾਂ ਫਿਰ ਤੇ ਰੱਖ ਲਈਏ। ਅੱਜ ਇਸ ਗੱਲ ਤੇ ਰਾਏ ਕਰੀਏ ਕਿ ਸਾਈਮਨ ਕਮਿਸ਼ਨ ਬਾਰੇ ਸਾਡੀ ਕੀ ਨੀਤੀ ਹੋਣੀ ਚਾਹੀਦੀ ਹੈ?

ਭਗਤ ਸਿੰਘ: ਲਾਲਾ ਜੀ ਪਹਿਲਾਂ ਤੁਸੀਂ ਹੀ ਦੱਸੋ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ?

ਲਾਜਪਤ ਰਾਏ: ਮੇਰੀ ਰਾਏ ਹੈ ਕਿ ਆਪਾਂ ਲਾਹੌਰ ਰੇਲਵੇ ਸਟੇਸ਼ਨ ਦੇ ਬਾਹਰ ਸ਼ਾਤਮਈ ਧਰਨਾ ਦੇਈਏ ਅਤੇ ਵਿਸ਼ਾਲ ਰੈਲੀ ਕਰੀਏ। ਸਟੇਸ਼ਨ ਦਾ ਘਿਰਾਓ ਕੀਤਾ ਜਾਵੇ ਅਤੇ ਸਾਈਮਨ ਕਮਿਸ਼ਨ ਨੂੰ ਲਾਹੌਰ ਸ਼ਹਿਰ 'ਚ ਦਾਖਲ ਨਾ ਹੋਣ ਦਿੱਤਾ ਜਾਵੇ। ਸਰਕਾਰ ਤੇ ਦਬਾਅ ਪਾਇਆ ਜਾਵੇ ਕਿ ਸਾਈਮਨ ਕਮਿਸ਼ਨ 'ਚ ਘੱਟੋ ਘੱਟ ਦੋ ਮੈਂਬਰ ਹਿੰਦੁਸਤਾਨੀ ਹੋਣ।

ਚੰਦਰ ਸ਼ੇਖਰ: ਮੈਂ ਇਸ ਦਲੀਲ ਨਾਲ ਉੱਕਾ ਸਹਿਮਤ ਨਹੀਂ ਕਿ ਸਰਕਾਰ ਤੇ ਦਬਾਅ ਪਾਇਆ ਜਾਵੇ ਕਿ ਸਾਈਮਨ ਕਮਿਸ਼ਨ 'ਚ ਘੱਟੋ ਘੱਟ ਦੋ ਮੈਂਬਰ ਹਿੰਦੁਸਤਾਨੀ ਹੋਣ। ਮੇਰਾ ਸੁਝਾਅ ਹੈ ਕਿ ਸਾਡਾ ਸੰਘਰਸ਼ ਸਾਈਮਨ ਕਮਿਸ਼ਨ ਨੂੰ ਰੱਦ ਕਰਵਾਉਣ ਲਈ ਹੋਵੇ।

## Azadi De Jahaz

ਭਗਤ ਸਿੰਘ: ਮੈਂ ਚੰਦਰ ਸ਼ੇਖਰ ਨਾਲ ਸਹਿਮਤ ਹਾਂ। ਹਿੰਦੁਸਤਾਨੀ ਪੂਰੀ ਤਰਾਂ ਆਜ਼ਾਦੀ ਹਾਸਲ ਕਰਨ ਅਤੇ ਅਪਣੀ ਆਜ਼ਾਦ ਹਸਤੀ ਦੀ ਰੱਖਿਆ ਕਰਨ ਦੇ ਯੋਗ ਹਨ। ਸਾਈਮਨ ਕਮਿਸ਼ਨ ਨੂੰ ਇਸ ਬਾਰੇ ਫਿਕਰਮੰਦ ਹੋਣ ਦੀ ਲੋੜ ਨਹੀਂ। ਸਾਈਮਨ ਕਮਿਸ਼ਨ ਫਜ਼ੂਲ ਹੈ। ਇਹ ਖਤਮ ਕੀਤਾ ਜਾਣਾ ਚਾਹੀਦਾ ਹੈ।

ਲਾਜਪਤ ਰਾਏ: ਮੈਂ ਇਸ ਮੁੱਦੇ ਤੇ ਤੁਹਾਡੇ ਨਾਲ ਹਾਂ। ਅਸੀਂ ਮੈਮੋਰੰਡਮ ਚੋਂ, "ਸਾਈਮਨ ਕਮਿਸ਼ਨ 'ਚ ਘੱਟੋ ਘੱਟ ਦੋ ਮੈਂਬਰ ਹਿੰਦੁਸਤਾਨੀ ਹੋਣ"। ਵਾਲੀ ਮੱਦ ਕੱਢ ਸਕਦੇ ਹਾਂ।

ਭਗਤ ਸਿੰਘ: ਸਰਕਾਰ ਵਲੋਂ ਤਾਕਤ ਵਰਤਣ ਦੀ ਸੂਰਤ 'ਚ, ਜਿਸਦੀ ਕਿ ਮੈਨੂੰ ਪੂਰੀ ਆਸ ਹੈ, ਲਈ ਵੀ ਸਾਨੂੰ ਤਿਆਰ-ਬਰ-ਤਿਆਰ ਹੋ ਕੇ ਜਾਣਾ ਚਾਹੀਦਾ ਹੈ।

ਊਧਮ ਸਿੰਘ: ਅਸੀਂ ਨਿਹੱਥੇ ਲੋਕਾਂ ਤੇ ਲਾਠੀਆਂ ਤੇ ਗੋਲੀਆਂ ਚਲਦੀਆਂ ਹੋਰ ਬਰਦਾਸ਼ਤ ਨਹੀਂ ਕਰ ਸਕਦੇ।

ਲਾਜਪਤ ਰਾਏ: ਸਾਥੀਓ! ਜੇਕਰ ਅਜਿਹੀ ਸੂਰਤ ਬਣੇਗੀ ਤਾਂ ਪਹਿਲੀ ਲਾਠੀ ਵੀ ਮੈਂ ਖਾਵਾਂਗਾ ਤੇ ਪਹਿਲੀ ਗੋਲੀ ਵੀ।

ਭਗਤ ਸਿੰਘ: ਠੀਕ ਹੈ ਲਾਲਾ ਜੀ। ਅਸੀਂ ਸਾਰੇ ਤੁਹਾਡੇ ਨਾਲ ਹਾਂ। ਕਿਉਂਕਿ ਸਾਡਾ ਫਿਕਰ 'ਆਜ਼ਾਦੀ' ਹੈ ਜਿਸ ਵੀ ਮੁੱਲ ਤੇ ਮਿਲੇ। ਸਾਥੀਓ! ਸਾਈਮਨ ਕਮਿਸ਼ਨ ਨੂੰ ਲਾਹੌਰ 'ਚ ਵੜਨ ਨਈਂ ਦੇਣਾ। 'ਸਾਈਮਨ ਕਮਿਸ਼ਨ' ਵਾਪਸ ਜਾਓ ਅਤੇ 'ਸਾਡਾ ਜਨਮਸਿੱਧ ਅਧਿਕਾਰ-ਪੂਰਨ ਆਜ਼ਾਦੀ' ਦੇ ਨਾਹਰਿਆਂ ਨਾਲ ਏਨੀਆਂ ਗੂੰਜਾਂ ਪਾ ਦਿਓ ਕਿ ਫਰੰਗੀ ਨੂੰ ਨਾਨੀ ਚੇਤੇ ਆ ਜਾਵੇ।

ਲਾਜਪਤ ਰਾਏ: ਬੰਦੇ ਮਾਤਰਮ!

ਸਾਰੇ: ਬੰਦੇ ਮਾਤਰਮ!!

ਭਗਤ ਸਿੰਘ: ਇਨਕਲਾਬ!!

ਸਾਰੇ: ਜ਼ਿੰਦਾਬਾਦ!!

(ਬੈਕਗਰਾਊਂਡ ਚੋਂ ਗੀਤ ਦੇ ਬੋਲ ਉੱਭਰਦੇ ਹਨ:

ਆਨ, ਸ਼ਾਨ, ਸਵੈਮਾਨ ਆਜ਼ਾਦੀ ।
ਇਨਸਾਨਾਂ ਦੀ ਪਹਿਚਾਨ ਆਜ਼ਾਦੀ ॥

ਸਿਰ ਤਲੀ ਜੋ ਧਰਨਾ ਜਾਨਣ,
ਆਜ਼ਾਦੀ ਦਾ ਨਿੱਘ, ਓਹੀ ਮਾਨਣ।
ਜਿਸਦੇ ਪੁੱਤ-ਧੀਆਂ, ਗੋਬਿੰਦ-ਝਾਸੀ,
ਉਸ ਵਿਰਸੇ ਦੀ ਜਾਨ ਆਜ਼ਾਦੀ ॥

ਆਨ, ਸ਼ਾਨ, ਸਵੈਮਾਨ ਆਜ਼ਾਦੀ ।
ਇਨਸਾਨਾਂ ਦੀ ਪਹਿਚਾਨ ਆਜ਼ਾਦੀ ॥)

# Azadi De Jahaz

**ਸੀਨ-7**

(ਸਟੇਜ ਤੇ ਮੁੜ ਇਕ ਬੁੱਢਾ ਬਾਬਾ ਪ੍ਰਵੇਸ਼ ਕਰਦਾ ਹੈ। ਸਧਾਰਣ ਕੱਪੜਿਆਂ ਵਾਲਾ ਇਹ ਬਜ਼ੁਰਗ ਕਮਜ਼ੋਰ ਤੇ ਰੁਲਿਆ ਹੋਇਆ ਮਹਿਸੂਸ ਹੁੰਦਾ ਹੈ।ਇਹ ਇਸ ਨਾਟਕ ਦਾ ਸੂਤਰਧਾਰ ਹੈ।ਇਸਦੇ ਸਾਰੇ ਸੰਵਾਦਾਂ ਦੌਰਾਨ ਪਿੱਠਭੂਮੀ ਚੋਂ 'ਬੰਦੇ ਮਾਤਰਮ..' ਦੀ ਧੁਨੀ ਦੀ ਆਵਾਜ਼ ਉਭਰਦੀ ਤੇ ਮੱਧਮ ਪੈਦੀ ਰਹਿੰਦੀ ਹੈ।)

ਸੂਤਰਧਾਰ:...ਹਾਂ ਸਾਈਮਨ ਕਮਿਸ਼ਨ ਲਾਹੌਰ ਆਇਆ। ਭਗਤ ਸਿੰਘ ਤੇ ਸਾਥੀਆਂ ਨੇ ਲਾਲਾ ਲਾਜਪਤ ਰਾਏ ਨਾਲ ਮਿਲ ਕੇ ਲਾਹੌਰ ਸਟੇਸ਼ਨ ਤੇ ਰੈਲੀ ਕੀਤੀ। 'ਸਾਈਮਨ ਕਮਿਸ਼ਨ ਵਾਪਸ ਜਾਓ' ਅਤੇ 'ਸਾਡਾ ਜਨਮਸਿੱਧ ਅਧਿਕਾਰ - ਪੂਰਨ ਸਵਰਾਜ' ਦੇ ਨਾਹਰਿਆਂ ਨਾਲ ਲਾਹੌਰ ਸ਼ਹਿਰ ਗੂੰਜ ਉੱਠਿਆ। ਫਰੰਗੀ ਲੋਕਾਂ ਦਾ ਵਿਸ਼ਾਲ ਏਕਾ ਕਿਵੇਂ ਬਰਦਾਸ਼ਤ ਕਰਦਾ..? ਨਿਹੱਥੇ ਲੋਕਾਂ ਤੇ ਲਾਠੀ ਚਾਰਜ ਕੀਤਾ ਗਿਆ। ..ਤੇ ਹਾਂ ਸੱਚਮੁੱਚ ਲਾਲਾ ਲਾਜਪਤ ਰਾਏ ਨੇ ਮੂਹਰੇ ਹੋ ਕੇ ਅਪਣੇ ਸੀਨੇ ਤੇ ਪਹਿਲੀ ਲਾਠੀ ਖਾਧੀ ਅਤੇ ਅਪਣਾ ਕੌਲ ਸ਼ਹਾਦਤ ਦੇ ਕੇ ਨਿਭਾਇਆ। ਭਗਤ ਸਿੰਘ ਤੇ ਰਾਜ ਗੁਰੂ ਨੇ ਲਾਜਪਤ ਰਾਏ ਦੀ ਸ਼ਹਾਦਤ ਦਾ ਬਦਲਾ ਏਸ ਲਾਠੀ ਚਾਰਜ ਕਰਾਉਣ ਵਾਲੇ ਫਰੰਗੀ ਅਫਸਰ ਦੇ ਖ਼ੂੰਨ ਨਾਲ ਚੁਕਾਇਆ। ਫਿਰ ਜਦੋਂ ਸਰਕਾਰ ਨੇ 'ਲੋਕ ਸੁਰੱਖਿਆ' ਅਤੇ 'ਕਿਰਤ-ਵਪਾਰ' ਨਾਮ ਹੇਠਾਂ ਦੋ ਲੋਕ-ਮਾਰੂ ਬਿੱਲ ਅਸੰਬਲੀ 'ਚ ਪਾਸ ਕਰਨ ਲਈ ਲਿਆਂਦੇ ਤਾਂ...ਹਿੰਦੁਸਤਾਨ ਸੋਸ਼ਲਿਸਟ ਰਿਪਬਲਕਨ ਆਰਮੀ , ਵਲੋਂ ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ ਅਸੰਬਲੀ 'ਚ ਧਮਾਕਾ ਬੰਬ ਮਾਰ ਕੇ ਸਰਕਾਰ ਦੇ ਕੰਨ ਖੋਹਲੇ...।

**ਫਲੈਸ਼ - 5**

(ਅਪ੍ਰੈਲ 1929। ਭਗਤ ਸਿੰਘ ਅਤੇ ਬੀ.ਕੇ ਦੱਤ ਅਸੰਬਲੀ ਦੀ ਵਿਜ਼ਿਟਰ ਗੈਲਰੀ 'ਚ ਖੜੇ ਇਤਿਹਾਰ ਥੱਲੇ ਮੈਂਬਰਾਂ ਦੀ ਫਲੋਰ ਤੇ ਸੁੱਟ ਰਹੇ ਹਨ। ਪਹਿਲਾ ਧਮਾਕਾ ਬੰਬ ਚੱਲਣ ਨਾਲ ਥੱਲੇ ਧੂੰਆਂ ਹੀ ਧੂੰਆਂ ਨਜ਼ਰ ਆ ਰਿਹਾ ਹੈ। ਮੈਂਬਰ ਸਹਿਮ ਕੇ ਏਧਰ ਓਧਰ ਨੱਸ ਰਹੇ ਹਨ। ਕੁਝ ਬੈਂਚਾਂ ਉਹਲੇ ਡਿੱਗੇ ਜਾਂ ਲੁਕੇ ਹੋਏ ਹਨ। ਭਗਤ ਸਿੰਘ ਦੂਜਾ ਬੰਬ ਸੁੱਟਦਾ ਹੈ ਅਤੇ ਗਰਜ ਕੇ ਬੋਲਦਾ ਹੈ।)

ਭਗਤ ਸਿੰਘ: ਬੋਲੇ ਕੰਨਾਂ ਨੂੰ ਸੁਣਾਉਣ ਲਈ ਉੱਚੀ ਆਵਾਜ਼ ਦੀ ਲੋੜ ਪੈਂਦੀ ਹੈ। ਇਹ ਧਮਾਕਾ ਬੰਬ ਏਸੇ ਮਕਸਦ ਲਈ ਹਨ। ਹਾਲੇ ਹਿੰਦੁਸਤਾਨੀ, ਸਾਈਮਨ ਕਮਿਸ਼ਨ ਵਲੋਂ ਰਹਿਮ 'ਚ ਮਿਲਣ ਵਾਲੀਆਂ ਬੁਰਕੀਆਂ ਦੀ ਉਡੀਕ 'ਚ ਹਨ ਕਿ ਭਾਰਤ ਦੀ ਇਹ ਤਥਾਕਥਿਤ ਪਾਰਲੀਮੈਂਟ, 'ਲੋਕਾਂ ਦੀ ਸੁਰੱਖਿਆ' ਅਤੇ 'ਮਜ਼ਦੂਰਾਂ ਦੇ ਹੱਕਾਂ' ਦੇ ਨਾਮ ਹੇਠ ਦੋ ਹੋਰ ਲੋਕ ਮਾਰੂ ਬਿਲ ਪਾਸ ਕਰਨ ਜਾ ਰਹੀ ਹੈ।

ਬੀ.ਕੇ ਦੱਤ: ਹਾਲ ਹੀ ਵਿੱਚ ਕੀਤੀਆਂ ਗਈਆਂ ਮਜ਼ਦੂਰ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਅਤੇ ਪਿਛਲੀ ਅੱਧੀ ਸਦੀ ਤੋਂ ਲੋਕਾਂ ਦੇ ਚੂਸੇ ਜਾ ਰਹੇ ਖ਼ੂੰਨ ਤੋਂ ਏਸ ਸਰਕਾਰ ਦੇ ਇਰਾਦੇ ਜ਼ਾਹਿਰ ਹਨ।

(ਭਗਤ ਸਿੰਘ ਕਾਹਲੀ ਨਾਲ ਗੈਲਰੀ ਦੇ ਦੂਸਰੇ ਕੋਨੇ ਵੱਲ ਜਾ ਕੇ)

## Azadi De Jahaz

ਭਗਤ ਸਿੰਘ: ਹਿੰਦੁਸਤਾਨ ਦੇ ਲੋਕਾਂ ਦੀ ਪਾਰਲੀਮੈਂਟ ਦੇ ਨਾਮ ਹੇਠ ਏਥੇ ਕਾਬਜ਼ ਸਾਮਰਾਜੀ ਜੋਕੋ ਅਤੇ ਬਸਤੀਵਾਦੀਆਂ ਦੇ ਪਿੱਠੂਓ ! ਤੁਹਾਡਾ ਇਹ ਪਾਖੰਡ ਬਹੁਤੀ ਦੇਰ ਨਹੀਂ ਚਲ ਸਕਦਾ। ਅਸੀਂ ਤੁਹਾਨੂੰ ਲੋਕਾਂ ਦੀ ਕਚਹਿਰੀ 'ਚ ਨੰਗਿਆਂ ਕਰ ਕੇ ਰਹਾਂਗੇ। ਅਸੀਂ ਤੁਹਾਨੂੰ ਹੋਰ ਮਨਮਰਜ਼ੀਆਂ ਹਰਗਿਜ਼ ਨਹੀਂ ਕਰਨ ਦੇਵਾਂਗੇ।

ਬੀ.ਕੇ ਦੱਤ: ਇਹਨਾਂ ਧਮਾਕਿਆਂ ਚੋਂ ਉਸ ਮਹਾਨ ਇਨਕਲਾਬ ਦੀ ਧਮਕ ਸੁਣੋਂ ਜੋ ਕਿ ਤੁਹਾਡੀਆਂ ਬਰੂਹਾਂ ਤੇ ਪੁੱਜਣ ਵਾਲਾ ਹੈ। ਛੇਤੀਂ ਹੀ ਤੁਹਾਡੀ ਹਾਲਤ ਰੂਸੀ ਜਾਰਾਂ ਵਾਲੀ ਹੋਵੇਗੀ ਅਤੇ ਹਿੰਦੁਸਤਾਨੀ ਇਨਕਲਾਬੀ ਤੁਹਾਨੂੰ ਪੈਰਾਂ ਹੇਠ ਰੋਲਕੇ ਅੱਗੇ ਲੰਘ ਜਾਣਗੇ।

ਭਗਤ ਸਿੰਘ: ਇਹ ਬੰਬ ਸਦੀਆਂ ਤੋਂ ਅਨਿਆਂ ਅਤੇ ਜ਼ੁਲਮ ਦੀ ਚੱਕੀ 'ਚ ਪਿਸ ਰਹੇ ਹਿੰਦੁਸਤਾਨੀਆਂ ਵਲੋਂ, ਬਸਤੀਵਾਦੀ ਸੋਚ ਅਤੇ ਮਜ਼ਦੂਰਾਂ ਨੂੰ ਚਿੰਬੜੀਆਂ ਹੋਈਆਂ ਸਾਮਰਾਜੀ ਜੋਕਾਂ ਖਿਲਾਫ਼ ਯੁੱਧ ਦਾ ਐਲਾਨ ਹਨ।

ਭਗਤ ਸਿੰਘ, ਬੀ.ਕੇ ਦੱਤ: ਬਸਤੀਵਾਦ! ਮੁਰਦਾਬਾਦ!!

ਭਗਤ ਸਿੰਘ, ਬੀ.ਕੇ ਦੱਤ: ਬਰਤਾਨਵੀ ਸਾਮਰਾਜ! ਮੁਰਦਾਬਾਦ!!

(ਜੋਸ਼ 'ਚ ਮੁੜ ਪਹਿਲੀ ਜਗਾ ਵੱਲ ਆਉਂਦਾ ਹੈ। ਏਨੇ ਨੂੰ ਸਿਪਾਹੀ ਆ ਕੇ ਭਗਤ ਸਿੰਘ ਤੇ ਬੀ.ਕੇ ਦੱਤ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਨ ਲਗਦੇ ਹਨ ਅਤੇ ਦੋਹਾਂ ਨੂੰ ਖਿੱਚ ਕੇ ਬਾਹਰ ਵੱਲ ਲਿਜਾਣ ਦੀ ਕੋਸ਼ਿਸ਼ ਕਰਦੇ ਹਨ। ਭਗਤ ਸਿੰਘ ਉਹਨਾਂ ਤੋਂ ਛੁੱਟ ਕੇ ਮੁੜ ਗਰਜਦਾ ਹੈ।)

ਭਗਤ ਸਿੰਘ: ਤੁਸੀਂ ਲਾਜਪਤ ਰਾਏ ਅਤੇ ਸਰਾਭਿਆਂ ਨੂੰ ਕਤਲ ਕਰ ਸਕਦੇ ਹੋ...ਪਰ ਉਹਨਾਂ ਦੀ ਸੋਚ ਨੂੰ ਖਤਮ ਨਹੀਂ ਕਰ ਸਕਦੇ। ਇਨਕਲਾਬੀਆਂ ਦੀਆਂ ਕੁਰਬਾਨੀਆਂ ਅਜਾਂਈ ਨਹੀਂ ਜਾਣਗੀਆਂ। ਮਹਾਨ ਇਨਕਲਾਬ ਆਵੇਗਾ। ਬੰਦੇ ਹੱਥੋਂ ਬੰਦੇ ਦੀ ਲੁੱਟ ਦਾ ਅੰਤ ਹੋਵੇਗਾ। ਹਿੰਦੁਸਤਾਨ ਪੂਰਨ ਆਜ਼ਾਦੀ ਹਾਸਿਲ ਕਰ ਕੇ ਰਹੇਗਾ।

ਭਗਤ ਸਿੰਘ, ਬੀ.ਕੇ ਦੱਤ: ਇਨਕਲਾਬ! ਜ਼ਿੰਦਾਬਾਦ!!

(ਸਿਪਾਹੀ ਦੋਹਾਂ ਨੂੰ ਧੂੰਹਦੇ ਹੋਏ ਹਾਲ ਤੋਂ ਬਾਹਰ ਲੈ ਜਾਂਦੇ ਹਨ। 'ਇਨਕਲਾਬ! ਜ਼ਿੰਦਾਬਾਦ!!' ਦੀਆਂ ਬੈਕਰਾਉਂਡ ਚੋਂ ਆਵਾਜ਼ਾਂ ਹੌਲੀ-2 ਮੱਧਮ ਪੈਂਦੀਆਂ ਹਨ ਅਤੇ ਬੰਦੇ ਮਾਤਰਮ ਦੀ ਧੁਨੀ ਹੌਲੀ-2 ਉਭਰਦੀ ਆਉਂਦੀ ਹੈ।)

ਆਨ, ਸ਼ਾਨ, ਸਵੈਮਾਨ ਆਜ਼ਾਦੀ ।
ਇਨਸਾਨਾਂ ਦੀ ਪਹਿਚਾਨ ਆਜ਼ਾਦੀ ॥

ਆਜ਼ਾਦੀ, ਜਾਗਦਿਆਂ ਦਾ ਗਹਿਣਾ,
ਆਜ਼ਾਦੀ, ਹੱਕ ਦੇ ਹੱਕ ਵਿਚ ਰਹਿਣਾ।
ਜਾਬਰ ਨੂੰ ਜਾਬਰ, ਜੋ ਆਖੇ,
ਬਖਸ਼ੇ, ਉਹ ਜ਼ੁਬਾਨ ਆਜ਼ਾਦੀ ॥

**ਸੀਨ – 8**

(ਲਾਹੌਰ ਸੈਂਟਰਲ ਜ਼ੇਲ੍ਹ ਦਾ ਸੈੱਲ। ਮੱਧਮ ਜਿਹੇ ਬੱਲਬ ਦੀ ਰੌਸ਼ਨੀ 'ਚ ਕਲੀਨ ਸ਼ੇਵ ਭਗਤ ਸਿੰਘ ਅਪਣੇ ਧਿਆਨ ਮੰਜੀ ਤੇ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਹੈ। ਇੱਕ ਸਿਪਾਹੀ ਭਗਤ ਸਿੰਘ ਦੇ ਸੈੱਲ ਲਾਗੇ ਆ ਕੇ ਸੀਖਾਂ ਥਾਣੀ ਕੁਝ ਦੇਰ ਉਸ ਵੱਲ ਵੇਖਦਾ ਹੈ ਅਤੇ ਫਿਰ ਹੋਲੀ ਦੇਣੀ ਆਵਾਜ਼ ਮਾਰਦਾ ਹੈ।)

ਸਿਪਾਹੀ: ਭਗਤ ਸਿੰਹਾਂ…!!!

ਭਗਤ ਸਿੰਘ: ਹਾਂ…!!

(ਸੀਖਾਂ ਵੱਲ ਨੂੰ ਹੌਲੀ-2 ਆਉਂਦਾ ਹੈ। ਹੱਥਕੜੀਆਂ ਅਤੇ ਬੇੜੀਆਂ ਲੱਗੀਆਂ ਹੋਈਆਂ ਹਨ।

ਭਗਤ ਸਿੰਘ: ਲਾਲ ਸਿੰਘ ਕੀ ਗੱਲ? ਕੋਈ ਗੁਪਤ ਸੁਨੇਹਾ ਈ??

ਸਿਪਾਹੀ: ਤੇਰਾ ਬਾਪੂ ਤੇ ਬੇਬੇ ਮੁਲਾਕਾਤ ਲਈ ਆਏ ਨੇ। ਮੈਂ ਹੁਣੇ ਵੇਖ ਕੇ ਆਇਆਂ ਜੇਲ੍ਹਰ ਦੇ ਦਫਤਰ 'ਚ।

ਭਗਤ ਸਿੰਘ: (ਖੁਸ਼ੀ ਨਾਲ) ਅੱਛਾ! ਬੇਜੀ ਵੀ ਨੇ । ਬੜਾ ਚਿਰ ਹੋਇਐ ਉਹਨਾਂ ਨੂੰ ਵੇਖਿਆਂ। (ਫਿਰ ਗੰਭੀਰ ਹੋ ਕੇ) ਪਤਾ ਨਈਂ ਮੈਂ ਬੇਜੀ ਦਾ ਸਾਹਮਣਾ ਕਰ ਵੀ ਸਕਾਂ ਜਾਂ ਨਾ…!!

(ਭਗਤ ਸਿੰਘ ਦਾ ਪਿਤਾ ਸ: ਕਿਸ਼ਨ ਸਿੰਘ ਅਤੇ ਬੇਜੀ ਸਟੇਜ ਤੇ ਦਾਖਲ ਹੁੰਦੇ ਹਨ। ਬੇਜੀ ਕੋਲ ਇੱਕ ਤਣੀਆਂ ਵਾਲਾ ਨਿੱਕਾ ਜਿਹਾ ਝੋਲਾ ਹੈ। ਸਿਰ ਤੇ ਹਲਕੇ ਰੰਗ ਦਾ ਦੁਪੱਟਾ ਹੈ।)

ਬੇਜੀ: (ਦੂਰੋਂ ਬਾਹਾਂ ਉਲਾਰ ਕੇ) ਭਾਗਾਂ ਵਾਲਿਆ…!!!

ਭਗਤ ਸਿੰਘ: ਬੇਜੀ! ਮੱਥਾ ਟੇਕਦਾਂ।

ਬੇਜੀ: ਜਿਉਂਦਾ ਰਹੁ ਭਾਗਾਂ ਵਾਲਿਆ…ਰੱਬ ਤੇਰੀ ਲੰਬੀ ਉਮਰ….(ਰੋਣ ਲਗਦੀ ਹੈ।)

ਕਿਸ਼ਨ ਸਿੰਘ: ਬੱਸ ਕਰ ਮਾਇਆਵਤੀ । ਹੌਸਲਾ ਕਰ।

ਬੇਜੀ: ਮਾਵਾਂ ਕੋਲ ਹੌਸਲਾ ਹੀ ਤਾਂ ਨਈਂ ਹੁੰਦਾ…ਪੱਤਾਂ ਨੂੰ ਮੁਸੀਬਤ 'ਚ ਦੇਖ ਕੇ।

ਭਗਤ ਸਿੰਘ: ਬੇਜੀ ਮੈਂ ਕਿਸੇ ਮੁਸੀਬਤ 'ਚ ਨਈਂ। ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਦੇਸ਼ ਤੋਂ ਕੁਰਬਾਨ ਹੋਣ ਦਾ ਮੌਕਾ ਮਿਲ ਰਿਹਾ ਹੈ। (ਹੱਸਦਿਆਂ) ਵੇਖੋ ਨਾ ਫਾਂਸੀ ਦੀ ਸਜਾ ਹੋਣ ਮਗਰੋਂ ਸਗੋਂ ਮੇਰਾ ਭਾਰ ਵੱਧ ਗਿਆ ਹੈ।

ਬੇਜੀ: ਭਾਗਾਂਵਾਲਿਆ, ਕਿਤੇ ਮੇਰੇ ਦਿਲ ਦੇ ਕੰਨਾਂ ਨਾਲ ਅਪਣੀਆਂ ਇਹ ਦਲੀਲਾਂ ਸੁਣੇਂ ਤਾਂ ਤੈਨੂੰ ਪਤਾ ਲੱਗੇ ਇਕ ਮਾਂ ਲਈ ਇਹਨਾਂ ਦਾ ਕੋਈ ਅਰਥ ਨਹੀਂ।

ਭਗਤ ਸਿੰਘ: ਬੇਜੀ ਇਸ ਤੋਂ ਸਿਵਾ ਕੋਈ ਰਾਹ ਵੀ ਤਾਂ ਨਹੀਂ। ਗੁਲਾਮ ਲੋਕਾਂ ਕੋਲ ਚੁਨਣ ਲਈ। ਜਾਂ ਗੁਲਾਮੀ ਭੋਗੋ ਜਾਂ ਆਜ਼ਾਦੀ ਲਈ ਮਰੋ।

ਬੇਜੀ: ਪਰ ਭਾਗਾਂਵਾਲਿਆ, ਮਾਂ ਦੇ ਅਰਮਾਨਾ ਬਾਰੇ ਦਿਲ ਦੀਆਂ ਸੱਧਰਾਂ ਚਾਵਾਂ ਬਾਰੇ ਵੀ ਤਾਂ ਸੋਚ।

ਭਗਤ ਸਿੰਘ: 33 ਕਰੋੜ ਲੋਕਾਂ ਦੀ ਮਾਂ ਭਾਰਤ ਮਾਤਾ ਦੇ ਗਲੋਂ ਗੁਲਾਮੀਂ ਦੀਆਂ ਜ਼ੰਜ਼ੀਰਾਂ ਕੱਟਣ ਲਈ ਕੋਈ ਵੀ ਹਿੰਦੁਸਤਾਨੀ ਮਾਂ ਅਪਣਾ ਸਭ ਕੁਝ ਵਾਰ ਸਕਦੀ ਹੈ। ਜਿਸਦਾ ਮੈਨੂੰ ਅਪਣੇ ਬੇ ਜੀ ਤੇ ਪੂਰਾ ਮਾਣ ਹੈ।

ਕਿਸ਼ਨ ਸਿੰਘ: ਭਗਤ ਸਿੰਹਾਂ ਜਿੱਦਣ ਦਾ ਤੇਰੀ ਸਜ਼ਾ ਬਾਰੇ ਪਤਾ ਲੱਗਿਐ ਤੇਰੀ ਚਾਚੀ ਨੇ ਬੜਾ ਹੌਲ ਕੀਤੈ। ਕੁਲਤਾਰ ਵੀ ਬੜਾ ਉਦਾਸ ਹੋ ਗਿਐ। ਸਾਰੇ ਮੈਨੂੰ ਤੇਰੇ ਲਈ ਰਹਿਮ ਦੀ ਅਪੀਲ ਕਰਨ ਲਈ ਕਹਿੰਦੇ ਨੇ।

## Azadi De Jahaz

ਭਗਤ ਸਿੰਘ: ਪਿਤਾ ਜੀ ਤੁਸੀਂ ਮੇਰੇ ਲਈ ਅਜਿਹਾ ਹਰਗਿਜ਼ ਨਾ ਕਰਨਾ। ਮੈਂ ਕੋਈ ਗੁਨਾਹ ਨਹੀਂ ਕੀਤਾ ਜੋ ਰਹਿਮ ਲਈ ਅਪੀਲ ਕਰਾਂ। ਕੀ ਮਾਂ ਦੇ ਗਲੋਂ ਗੁਲਾਮੀ ਦੀਆਂ ਜ਼ੰਜ਼ੀਰਾਂ ਲਾਹੁਣ ਦੀ ਕੋਸ਼ਿਸ਼ ਗੁਨਾਹ ਹੈ? ਨਹੀਂ! ਹਰਗਿਜ਼ ਨਹੀਂ। ਬਾਬਾ ਜੀ ਅਰਜਨ ਸਿੰਘ, ਦੋਨੋਂ ਚਾਚਿਆਂ ਅਤੇ ਤੁਹਾਡੇ ਖੁਦ ਦੇ ਜੀਵਨ ਨੇ ਮੈਨੂੰ ਪੁਕਾਰ ਪੁਕਾਰ ਕੇ ਆਜ਼ਾਦੀ ਲਈ ਮਰ ਮਿਟਣ ਲਈ ਪ੍ਰੇਰਨਾ ਦਿੱਤੀ ਹੈ। ਤੁਸੀਂ ਅਪੀਲ ਹਰਗਿਜ਼ ਨਹੀਂ ਕਰੋਗੇ। ਇਹ ਮੇਰਾ ਯਕੀਨ ਹੈ।

ਕਿਸ਼ਨ ਸਿੰਘ: ਪਰ ਭਗਤ ਸਿੰਹਾਂ ਮੈਂ ਇਕ ਪਿਓ ਵੀ ਹਾਂ।

ਬੇਜੀ: ਭਾਗਾਂਵਾਲਿਆ, ਮੇਰੀ ਖਾਤਰ ਇਕ ਵੇਰ... ਮੇਰੀ ਖਾਤਰ ਤੂੰ ਅਪੀਲ ਤੇ ਦਸਤਖ ਕਰ ਦੇ

ਭਗਤ ਸਿੰਘ: ਨਹੀਂ ਬੇਜੀ ਨਹੀਂ...ਕਦੇ ਨਹੀਂ। ਬੇਜੀ...ਮੈਂ ਇੱਕ ਗੁਲਾਮ ਮਾਂ ਦਾ ਗੁਲਾਮ ਪੁੱਤ ਬਣ ਕੇ ਜੀਣ ਨਾਲੋਂ ਉਸਦੀ ਆਜ਼ਾਦੀ ਲਈ ਲੜ ਕੇ ਮਰਨ ਨੂੰ ਤਰਜ਼ੀਹ ਦੇਵਾਂਗਾ। (ਬਦਲ ਕੇ) ਛੱਡੋ ਬੇਜੀ...ਇਹਨਾਂ ਫਜ਼ੂਲ ਦੀਆਂ ਗੱਲਾਂ ਨੂੰ...ਆਹ ਝੋਲੇ 'ਚ ਕੀ ਲਿਆਏ ਓ...? ਮਿੱਸੀਆਂ ਰੋਟੀਆਂ ਨੇ ਨਾ...??

ਬੇਜੀ: (ਪੱਲੇ ਨਾਲ ਅੱਖਾਂ ਪੂੰਝਦਿਆਂ। ਝੋਲੇ ਚੋਂ ਰੋਟੀਆਂ ਬੱਧਾ ਪੋਣਾ ਕੱਢ ਕੇ ਸੀਖਾਂ ਵਿਚ ਦੀ ਵਧਾਉਂਦਿਆਂ)

ਭਗਤ ਸਿੰਘ: ਬੜੇ ਦਿਨਾਂ ਦਾ ਜੀਅ ਕਰਦਾ ਸੀ ਮਿੱਸੀਆਂ ਰੋਟੀਆਂ ਨੂੰ।

(ਕੱਢ ਕੇ ਖਾਣ ਲੱਗਦਾ ਹੈ। ਬੇਜੀ ਬੜੀ ਨੀਝ ਨਾਲ ਉਸ ਵੱਲ ਨੂੰ ਵੇਖਦੀ ਹੈ। ਤੇ ਮੁੜ ਮੁੜ ਹੰਝੂ ਪੂੰਝਦੀ ਹੈ।)

ਭਗਤ ਸਿੰਘ: ਬੇਜੀ ਕੁਲਤਾਰ ਨੂੰ ਹੌਸਲਾ ਦੇਣਾ ਚਾਚੀ ਨੂੰ ਕਹਿਣਾ ਉਦਾਸ ਨਾ ਹੋਵੇ। ਕੀ ਇਹ ਖੁਸ਼ੀ ਵਾਲੀ ਗੱਲ ਨਹੀਂ ਕਿ ਮੈਂ ਘੱਟੋ ਘੱਟ ਅਪਣੇ ਪਿੱਛੇ ਕੋਈ ਵਿਧਵਾ ਛੱਡ ਕੇ ਨਹੀਂ ਜਾ ਰਿਹਾ।

(ਬੇਜੀ ਅਤੇ ਪਿਤਾ ਜੀ ਚੁੱਪਚਾਪ ਉਸ ਵੱਲ ਵੇਖ ਰਹੇ ਹਨ। ਵਾਰਡਨ ਉਹਨਾਂ ਵੱਲ ਆਉਂਦਾ ਨਜ਼ਰ ਆਉਂਦਾ ਹੈ। )

ਵਾਰਡਨ: (ਕਿਸ਼ਨ ਸਿੰਘ ਦੇ ਮੋਢੇ ਤੇ ਹੱਥ ਧਰਦਿਆਂ) ਸਰਦਾਰ ਜੀ ਮੁਲਾਕਾਤ ਦਾ ਸਮਾਂ ਮੁੱਕ ਗਿਐ। ਮੇਰੇ ਮਗਰ ਮਗਰ ਦਫਤਰ ਆ ਜਾਓ।

(ਭਗਤ ਸਿੰਘ ਰੋਟੀ ਰੱਖ ਕੇ ਚੁੱਪ ਚਾਪ ਖੜਾ ਹੋ ਜਾਂਦਾ ਹੈ। ਬੇਜੀ ਵੀ ਖੜੇ ਹੋ ਕੇ ਸੀਖਾਂ ਵਿਚੀਂ ਬਾਹਾਂ ਪਾ ਕੇ ਉਸਦਾ ਸਿਰ ਤੇ ਕੰਡ ਪਲੋਸਦੇ ਹਨ। ਬੇਜੀ ਦੇ ਡੁਸਕਣ ਦੀ ਆਵਾਜ਼ ਲਗਾਤਾਰ ਸੁਣਦੀ ਰਹਿੰਦੀ ਹੈ। ਪਿਤਾ ਕਿਸ਼ਨ ਸਿੰਘ ਭਗਤ ਸਿੰਘ ਦਾ ਹੱਥ ਘੁਟਦਾ ਹੈ ਅਤੇ ਕਾਹਲੀ ਨਾਲ ਮੂੰਹ ਭੁਆਂ ਕੇ ਪਰ੍ਹੇ ਵੱਲ ਤੁਰ ਪੈਂਦਾ ਹੈ। ਬੇਜੀ, ਕਿਸ਼ਨ ਸਿੰਘ ਦੇ ਮਗਰ ਮਗਰ ਤੁਰ ਪੈਂਦੀ ਹੈ ਪਰ ਮੁੜ ਮੁੜ ਭਗਤ ਸਿੰਘ ਵੱਲ ਵੇਖਦੀ ਜਾਂਦੀ ਹੈ। ਫਿਰ ਤੇਜ਼ੀ ਨਾਲ ਉਸਦੇ ਸੈੱਲ ਵੱਲ ਮੁੜਦੀ ਹੈ। ਪੱਲੇ ਦੇ ਲੜੋਂ ਕਾਗਜ਼ 'ਚ ਲਪੇਟੀ ਗੁੜ ਦੀ ਭੇਲੀ ਖੋਹਲ ਕੇ ਭਗਤ ਸਿੰਘ ਨੂੰ ਦਿੰਦੀ ਹੈ।)

ਬੇਜੀ: ਆਹ ਮੇਵੇ ਆਲਾ ਗੁੜ ਤੇਰੀ ਚਾਚੀ ਨੇ ਭੇਜਿਆ ਸੀ...।

(ਭਗਤ ਸਿੰਘ ਪੇਸੀ ਵਾਲੀ ਪੁੜੀ ਫੜ ਲੈਂਦਾ ਹੈ।)

ਭਗਤ ਸਿੰਘ: ਚਾਚੀ ਜੀ ਨੂੰ ਮੇਰੀ ਸਸਰੀ ਕਾਲ ਕਹਿਣੀ। ਕੁਲਤਾਰ ਨੂੰ ਪਿਆਰ ਦੇਣਾ।

## Azadi De Jahaz

( ਬੇਜੀ ਦਾ ਉੱਚਾ ਰੋਣ ਨਿਕਲ ਜਾਂਦਾ ਹੈ। ਭਗਤ ਸਿੰਘ ਉਹਨਾ ਨੂੰ ਸਟੇਜ ਤੋਂ ਉਹਲੇ ਹੁੰਦੇ ਵੇਖਦਾ ਹੈ ਤੇ ਤੇਜੀ ਨਾਲ ਮੂੰਹ ਸੀਖਾਂ ਤੋਂ ਪਰ੍ਹੇ ਵੱਲ ਭੁਆਂ ਲੈਂਦਾ ਹੈ।)

ਬੈਕਰਾਊਂਡ ਚੋਂ ਆਵਾਜ਼ ਉੱਭਰਦੀ ਹੈ (ਹੀਰ ਦੀ ਤਰਜ਼ ਤੇ…):

"ਹਿੰਦੁਸਤਾਨ ਦੇ ਸੂਰਜ ਦੀ ਧੁੱਪ ਉੱਤੋਂ,
ਛਾਂ ਵਾਰ ਕੇ ਆਪਣੀ ਛਾਂ ਚੱਲੀ।
ਭਾਰਤ ਮਾਂ ਦੀਆਂ ਧਾਹਾਂ ਨਿਕਲ ਗਈਆਂ,
ਭਗਤ ਸਿੰਘ ਨੂੰ ਮਿਲਕੇ ਜਦ "ਮਾਂ" ਚੱਲੀ ॥"

## Azadi De Jahaz

**ਸੀਨ –9**

(23 ਮਾਰਚ 1931। ਲਾਹੌਰ ਸੈਂਟਰਲ ਜ਼ੇਲ੍ਹ ਦਾ ਸੈੱਲ। ਮੱਧਮ ਜਿਹੇ ਬੱਲਬ ਦੀ ਰੌਸ਼ਨੀ 'ਚ ਕਲੀਨ ਸ਼ੇਵ ਭਗਤ ਸਿੰਘ ਅਪਣੇ ਧਿਆਨ ਮੰਜੀ ਤੇ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਹੈ। ਸਿਪਾਹੀ ਲਾਲ ਸਿੰਘ ਉਸਦੇ ਸੈੱਲ ਕੋਲ ਆ ਕੇ ਅੰਦਰ ਝਾਕਦਾ ਹੈ। ਉਸ ਵੱਲ ਨੀਝ ਨਾਲ ਤੱਕਦਾ ਹੈ ਤੇ ਫਿਰ ਉਸਨੂੰ ਸੀਖਾਂ ਤੇ ਹਲਕੀ ਜਿਹੀ ਬੈਂਤ ਮਾਰ ਕੇ ਸੁਚੇਤ ਕਰਦਾ ਹੈ।)

ਭਗਤ ਸਿੰਘ: (ਮੁਸਕਰਾ ਕੇ) ਲਾਲ ਸਿੰਘ ਕੀ ਹਾਲ ਐ, ਬਈ?

ਲਾਲ ਸਿੰਘ: ਭਗਤ ਸਿੰਹਾਂ ਬੜੀ ਮਾੜੀ ਖਬਰ ਹੈ...। ਰੋਣ ਲੱਗਦਾ ਹੈ।

ਭਗਤ ਸਿੰਘ: ਓਏ ਏਡੀ ਵੀ ਕੀ ਖਬਰ ਐ...। (ਬਦਲ ਕੇ) ਓ ਕਿਤੇ ਤੈਨੂੰ ਮੇਰੀ ਸ਼ਾਮੀਂ ਸੱਤ ਵਜੇ ਲੱਗਣ ਆਲੀ ਫਾਂਸੀ ਦਾ ਤਾਂ ਨਹੀਂ ਪਤਾ ਲੱਗ ਗਿਆ।

ਲਾਲ ਸਿੰਘ: (ਹੈਰਾਨੀ ਨਾਲ) ਤੈਨੂੰ ਪਤੈ...ਪਹਿਲਾਂ ਈ??

ਭਗਤ ਸਿੰਘ: ਹਾਂ...ਵਾਰਡਨ ਆਇਆ ਸੀ ਦੱਸ ਕੇ ਗਿਐ ਘੰਟਾ ਕੁ ਹੋਇਆ।

ਲਾਲ ਸਿੰਘ: ਤੈਨੂੰ ਮਰਨ ਤੋਂ ਜ਼ਰਾ ਵੀ ਡਰ ਨਈਂ ਲੱਗਦਾ?

ਭਗਤ ਸਿੰਘ: ਬਿਲਕੁਲ ਨਈਂ...ਜਿਵੇਂ ਤੈਨੂੰ ਜੀਣ ਤੋਂ ਨਈਂ ਲੱਗਦਾ। (ਹੱਸਦਾ ਹੈ।)

ਲਾਲ ਸਿੰਘ: ਜਦ ਦਾ ਪਿਛਲੇ ਸਾਲ ਤੋਂ ਮੈਂ ਤੈਨੂੰ ਮਿਲਦਾ ਰਿਹਾ ਹਾਂ ਮੈਨੂੰ ਹੌਲੀ-2 ਅਪਣੇ ਗੁਲਾਮਾਂ ਵਾਲੇ ਜੀਣੇ ਤੋਂ ਡਰ ਲੱਗਣ ਲੱਗ ਪਿਐ।

ਭਗਤ ਸਿੰਘ: ਵਾਹ ਵਾਹ!! ਆਹ ਹੋਈ ਨਾ ਗੱਲ। ਬੱਸ ਇਹ ਪਹਿਲੀ ਸ਼ਰਤ ਹੈ। ਤੁਹਾਨੂੰ ਅਪਣੇ ਗੁਲਾਮਾਂ ਵਾਲੇ ਜੀਣੇ ਤੋਂ ਡਰ ਲੱਗਣ ਲੱਗ ਜਾਵੇ ਫਿਰ ਤੁਸੀਂ ਆਜ਼ਾਦੀ ਖਾਤਰ ਮਰਨ ਤੋਂ ਨਈਂ ਡਰਦੇ।

ਲਾਲ ਸਿੰਘ: ਭਗਤ ਸਿੰਹਾਂ ਮੇਰੀ ਇਕ ਗੱਲ ਮੰਨੇਗਾ?

ਭਗਤ ਸਿੰਘ: ਹਾਂ ਦੱਸ...ਤੂੰ ਵੀ ਕੀ ਯਾਦ ਕਰੇਂਗਾ ਜਾਂਦੀ ਵਾਰੀ।

ਲਾਲ ਸਿੰਘ: ਮੇਰਾ ਚਿੱਤ ਕਰਦੈ ਕਿ ਤੂੰ ਬਾਕੀ ਬਚਦੇ ਕੁਝ ਘੰਟੇ ਰੱਬ ਦਾ ਨਾਮ ਲੈ ਲਵੇਂ। ਆਹ ਵੇਖ ਮੈਂ ਤੇਰੇ ਲਈ ਗੁਟਕਾ ਲੈ ਕੇ ਆਇਆ ਹਾਂ।

ਭਗਤ ਸਿੰਘ: (ਖਿੜਖਿੜਾ ਕੇ ਹੱਸਦਾ ਹੈ) ਸੱਜਣਾ! ਤੇਰੇ ਪਿਆਰ ਦਾ ਸ਼ੁਕਰੀਆ। ਮੈਂ ਤੇਰੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ। ਤੈਨੂੰ ਪਤੈ? ਮੈਂ ਐਲਾਨੀਆ ਨਾਸਤਕ ਹਾਂ। ਮੈਂ ਸਾਰੀ ਉਮਰ ਰੱਬ 'ਚ ਨਾ ਯਕੀਨ ਕੀਤੈ ਨਾ ਕਰਾਂਗਾ। ਹੁਣ ਜੇ ਮੌਤ ਸਾਹਮਣੇ ਦਿਸ ਰਹੀ ਹੈ ਤਾਂ ਮੈਂ ਰੱਬ ਨੂੰ ਯਾਦ ਕਰਨ ਲੱਗਾਂ ਤਾਂ ਇਸਤੋਂ ਵੱਡੀ ਬੁਜ਼ਦਿਲੀ ਕੀ ਹੋਵੇਗੀ। ਇਸ ਲਈ ਚੰਗਾ ਹੈ ਕਿ ਮੈਂ ਜਿਵੇਂ ਸਾਰਾ ਜੀਵਨ ਬਿਤਾਇਆ ਹੈ ਉਵੇਂ ਹੀ ਆਖਰੀ ਪਲ ਵੀ ਬਿਤਾਵਾਂ। ਇਹ ਠੀਕ ਹੈ ਕਿ ਲੋਕ ਮੈਨੂੰ ਨਾਸਤਕ ਕਹਿਣਗੇ ਪਰ ਕੋਈ ਇਹ ਨਾ ਆਖ ਸਕੇਗਾ ਕਿ ਭਗਤ ਸਿੰਘ ਬੁਜ਼ਦਿਲ ਤੇ ਬੇਈਮਾਨ ਸੀ। ਆਖਰੀ ਵੇਲੇ ਮੌਤ ਵੇਖ ਕੇ ਉਸਦੇ ਕਦਮ ਲੜਖੜਾ ਗਏ।

ਲਾਲ ਸਿੰਘ: ਕੁਝ ਤਾਂ ਦੱਸ ਮੈਂ ਤੇਰੇ ਲਈ ਐਸ ਵੇਲੇ ਕੀ ਕਰਾਂ?

ਭਗਤ ਸਿੰਘ: ਇਕ ਕੰਮ ਹੈ ਕਰਨ ਵਾਲਾ।

ਲਾਲ ਸਿੰਘ: ਉਹ ਕੀ ? ਛੇਤੀਂ ਦੱਸ??

## Azadi De Jahaz

ਭਗਤ ਸਿੰਘ: ਸੁਖਦੇਵ ਕੋਲ ਜਾ ਅਤੇ ਉਸ ਕੋਲੋਂ 'ਲੈਨਿਨ ਦੀ ਜੀਵਨੀ' ਵਾਲੀ ਕਿਤਾਬ ਲਿਆ। ਸੱਤ ਵੱਜਣ 'ਚ ਅਜੇ ਢਾਈ ਘੰਟੇ ਨੇ ਮੈਂ ਪੜ੍ਹ ਲਵਾਂਗਾ ਉਦ ਤੀਕ!!

(ਲਾਲ ਸਿੰਘ ਮੁੜ ਉਸਦੇ ਚਿਹਰੇ ਵੱਲ ਹੈਰਾਨੀ ਨਾਲ ਤੱਕਣ ਲੱਗਦਾ ਹੈ। ਭਗਤ ਸਿੰਘ ਮੁਸਕਰਾ ਰਿਹਾ ਹੈ।)

ਲਾਲ ਸਿੰਘ: ਅੱਛਾ ਮੈਂ ਲਿਆਉਂਦਾ ਹਾਂ ਹੁਣੇ।

(ਪਰ੍ਹੇ ਸੁਖਦੇਵ ਦੇ ਸੈੱਲ ਵੱਲ ਚੱਲ ਪੈਂਦਾ ਹੈ।)

ਭਗਤ ਸਿੰਘ: (ਉੱਚੀ ਸੁਰ ਨਾਲ) ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜੂਏਂ ਕਾਤਿਲ ਮੇਂ ਹੈ।।
ਵਕਤ ਆਨੇ ਪਰ ਬਤਾ ਦੇਂਗੇ ਤੁਮੇਂ ਐ ਆਸਮਾਂ
ਅਬ ਸੇ ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ॥

(ਲਾਲ ਸਿੰਘ ਹੱਥ 'ਚ ਕਿਤਾਬ ਫੜੀ ਭਗਤ ਸਿੰਘ ਵੱਲ ਆਉਂਦਾ ਹੈ।)

ਲਾਲ ਸਿੰਘ: ਐਹ ਲੈ। ਏ ਹੀ ਸੀ ਨਾ।

ਭਗਤ ਸਿੰਘ: ਲੈ ਬਈ ਕਮਾਲ ਕਰਤੀ ਆ ਤਾਂ। ਵਾਹ! ਵਾਹ!! ਜਾਂਦੇ ਜਾਂਦੇ ਕੁਝ ਵਕਤ ਇਕ ਇਨਕਲਾਬੀ ਨਾਲ ਗੁਜ਼ਾਰਨ ਦਾ ਵਸੀਲਾ ਬਣ ਗਿਐ।

ਲਾਲ ਸਿੰਘ: ਭਗਤ ਸਿੰਹਾਂ ਕੱਲ੍ਹ ਤੋਂ ਮੈਂ ਇਹ ਨੌਕਰੀ ਛੱਡ ਦੇਵਾਂਗਾ। ਮੈਨੂੰ ਸੱਚੀ ਹੁਣ ਅਪਣੀ ਇਸ ਜ਼ਿੰਦਗੀ ਤੋਂ ਨਫਰਤ ਅਤੇ ਗਿਲਾਨੀ ਹੋਣ ਲੱਗੀ ਹੈ। ਮੈਨੂੰ ਕੋਈ ਕੰਮ ਕਰਨ ਵਾਲਾ ਹੋਵੇ ਤਾਂ ਦੱਸ। ਮੈਂ ਅਪਣੀ ਜਾਨ ਵਾਰਨ ਲਈ ਤਿਆਰ ਹਾਂ।

ਭਗਤ ਸਿੰਘ: ਅੱਛਾ ਠਹਿਰ ਜ਼ਰਾ।

(ਸੈਲ ਦੇ ਅੰਦਰ ਜਾਂਦਾ ਹੈ। ਲਾਲ ਸਿੰਘ ਉਤਸੁਕਤਾ ਨਾਲ ਵੇਖਦਾ ਹੈ। ਭਗਤ ਸਿੰਘ ਇਕ ਬੰਦ ਚਿੱਟਾ ਨਿੱਕਾ ਜਿਹਾ ਫੋਟੋ ਵਾਲਾ ਲਿਫਾਫਾ ਲਾਲ ਸਿੰਘ ਨੂੰ ਦਿੰਦਾ ਹੈ।)

ਭਗਤ ਸਿੰਘ: ਜਦ ਮੈਨੂੰ ਫਾਂਸੀ ਲੱਗੇ ...ਫੱਟੇ ਪੈਰਾਂ ਹੇਠੋਂ ਖਿੱਚੇ ਜਾਣ ...ਮੈਂ ਹਵਾ 'ਚ ਝੂਲ ਜਾਵਾਂ ਤਾਂ ਇਸ ਲਿਫਾਫੇ ਨੂੰ ਖੋਹਲ ਕੇ ਤਸਵੀਰ ਦੇ ਪਿਛੇ ਲਿਖੀਆਂ ਸਤਰਾਂ ਪੜ੍ਹ ਦੇਈਂ। ਦੱਸ ਕਰੇਂਗਾ ਇਹ ਕੰਮ।

ਲਾਲ ਸਿੰਘ: (ਚੁੱਪਚਾਪ ਭਗਤ ਸਿੰਘ ਦੇ ਹੱਥ ਘੁਟ ਲੈਂਦਾ ਹੈ। ਅਤੇ ਫੋਟੋ ਵਾਲਾ ਲਿਫਾਫਾ ਕਾਹਲੀ ਨਾਲ ਅਪਣੀ ਜੇਬੀ 'ਚ ਪਾ ਲੈਂਦਾ ਹੈ।)

ਭਗਤ ਸਿੰਘ: ਅੱਛਾ ਬਈ ਲਾਲ ਸਿੰਘ ਸੱਤ ਵਜੇ ਮਿਲਾਂਗੇ।

(ਲਾਲ ਸਿੰਘ ਸੈੱਲ ਤੋਂ ਪਰ੍ਹੇ ਵੱਲ ਚੱਲ ਪੈਂਦਾ ਹੈ। ਭਗਤ ਸਿੰਘ ਕਿਤਾਬ ਪਲਟਦਾ ਅੰਦਰ ਸੈੱਲ ਵੱਲ ਤੁਰ ਪੈਂਦਾ ਹੈ।)

(ਬੈਕਗਰਾਊਂਡ ਚੋਂ ਗੀਤ ਦੇ ਬੋਲ ਉੱਭਰਦੇ ਹਨ:

ਆਨ, ਸ਼ਾਨ, ਸਵੈਮਾਨ ਆਜ਼ਾਦੀ ।
ਇਨਸਾਨਾਂ ਦੀ ਪਹਿਚਾਨ ਆਜ਼ਾਦੀ ॥

ਆਜ਼ਾਦੀ ਕੌਮਾਂ ਦਾ ਸਰਮਾਇਆ,
ਸਿਰ ਚਿਣ ਚਿਣ ਕੇ ਮਹਿਲ ਬਣਾਇਆ।
ਆਪਾ ਵਾਰਨ, ਜਿਸਤੋਂ ਵਾਰਿਸ,
ਕੌਮਾਂ ਦੀ ਉਹ ਸ਼ਾਨ, ਆਜ਼ਾਦੀ ॥

**ਸੀਨ -10**

(23 ਮਾਰਚ 1931। ਸ਼ਾਮ 6:30 ਵਜੇ। ਜੇਲ੍ਹ ਦਾ ਵਾਰਡਨ ਕੁਝ ਸਿਪਾਹੀਆਂ ਸਮੇਤ ਭਗਤ ਸਿੰਘ ਦੇ ਸੈੱਲ ਕੋਲ ਆਉਂਦੇ ਹਨ। ਲਾਲ ਸਿੰਘ ਸੈੱਲ ਦਾ ਜੰਦਰਾ ਖੋਹਲਦਾ ਹੈ। )

ਵਾਰਡਨ: ਭਗਤ ਸਿੰਘ ਫਾਸੀਂ ਲਈ ਜਾਣ ਨੂੰ ਤਿਆਰ ਹੋ ਜਾ। ਮੈਂ ਹੁਕਮ ਮੁਤਾਬਿਕ ਤੇਰਾ ਫਾਂਸੀਨਾਮਾ ਪੜ੍ਹ ਕੇ ਸੁਣਾਉਂਦਾ ਹਾਂ। ਹੱਥ 'ਚ ਫੜਿਆ ਖਾਕੀ ਲਿਫਾਫਾ ਖੋਹਲ ਕੇ ਇਕ ਕਾਗ਼ਜ਼ ਤੋਂ ਪੜ੍ਹਨ ਲੱਗਦਾ ਹੈ:

ਮੌਤ ਦੀ ਸਜ਼ਾ ਦਾ ਪਰਵਾਨਾ...ਸੈਕਸ਼ਨ 381 ਦੰਡਾਵਲੀ ਧਾਰਾ 8 ਅਤੇ 11 ਆਰਡੀਨੈਂਸ ਨੰਬਰ 3 ਸੰਨ 1930...ਲਾਹੌਰ ਸਾਜ਼ਿਸ਼ ਕੇਸ ਬਾਬਤ... ਆਰਡੀਨੈਂਸ ਨੰਬਰ 3 ਸੰਨ 1930 ਤਹਿਤ।

ਸੁਪਰਡੈਂਟ ਲਾਹੌਰ ਜੇਲ੍ਹ ਨੂੰ ਇਤਲਾਹ ਕੀਤੀ ਜਾਂਦੀ ਹੈ ਕਿ ਭਗਤ ਸਿੰਘ ਵਲਦ ਕਿਸ਼ਨ ਸਿੰਘ ਵਾਸੀ ਖੁਆਸਰੀਆਂ ਲਾਹੌਰ ਜੋ ਕਿ ਲਾਹੌਰ ਸਾਜ਼ਿਸ਼ ਕੇਸ ਵਿੱਚ ਸੈਕਸ਼ਨ 121 ਅਤੇ ਭਾਰਤੀ ਦੰਡਾਵਲੀ ਦੀ ਧਾਰਾ 302 ਤਹਿਤ ਦੋਸ਼ੀ ਪਾਇਆ ਗਿਆ ਹੈ...ਨੂੰ ਸਜ਼ਾਏ ਮੌਤ ਦੀ ਸਜ਼ਾ ਦਿੱਤੀ ਗਈ ਹੈ। ਉਪਰੋਕਤ ਸੁਪਰਡੈਂਟ ਨੂੰ ਇਜ਼ਾਜਤ ਦਿੱਤੀ ਜਾਂਦੀ ਹੈ ਕਿ ਮੁਜ਼ਰਮ ਭਗਤ ਸਿੰਘ ਨੂੰ ਫਾਂਸੀ ਲਾਵੇ ਅਤੇ ਹੁਕਮ ਦੀ ਤਾਮੀਲ ਉਪਰੰਤ ਇਸ ਪਰਵਾਨੇ ਦੀ ਕਾਪੀ ਅਪਣੇ ਤਸਦੀਕੀ ਬਿਆਨ ਨਾਲ ਬਾ-ਦਸਤਖਤ ਹਾਈਕੋਰਟ ਲਾਹੌਰ ਨੂੰ ਵਾਪਸ ਭੇਜੇ। ਇਹ ਪਰਵਾਨਾ ਕੋਰਟ ਵਲੋਂ 7 ਅਕਤੂਬਰ 1930 ਨੂੰ ਜਾਰੀ ਕੀਤਾ ਜਾਂਦਾ ਹੈ।

ਭਗਤ ਸਿੰਘ: (ਜੋ ਕਿਤਾਬ ਪੜ੍ਹਦਾ ਪੜ੍ਹਦਾ, ਲਾਪਰਵਾਹੀ ਨਾਲ, ਵਿੱਚ ਵਿੱਚ, ਪੜ੍ਹ ਰਹੇ ਵਾਰਡਨ ਵੱਲ ਵੇਖ ਰਿਹਾ ਸੀ) ਠੀਕ ਐ ਵਾਰਡਨ ਸਾਹਿਬ। ਬੱਸ ਦੋ ਕੁ ਮਿੰਟ ਰੁਕੋ। ਇਕ ਇਨਕਲਾਬੀ ਦੀ ਦੂਜੇ ਇਨਕਲਾਬੀ ਨਾਲ ਮੁਲਾਕਾਤ ਹੋ ਰਹੀ ਹੈ।

(ਮੁੜ ਪੜ੍ਹਨ ਲੱਗਦਾ ਹੈ। ਵਾਰਡਨ ਤੇ ਸਿਪਾਹੀ ਉਸ ਵੱਲ ਆਵਾਕ ਵੇਖਦੇ ਹਨ।)

ਵਾਰਡਨ: ਭਗਤ ਸਿੰਘ ਤੇਰੀ ਕੋਈ ਆਖਰੀ ਇੱਛਾ ਹੈ ਤਾਂ ਦੱਸ?

ਭਗਤ ਸਿੰਘ: ਮੇਰੀ ਆਖਰੀ ਇੱਛਾ ਹੈ ਕਿ ਫਰੰਗੀ ਹਿੰਦੁਸਤਾਨ ਨੂੰ ਛੱਡ ਕੇ ਚਲੇ ਜਾਣ। ਹਿੰਦੁਸਤਾਨ ਨੂੰ ਪੂਰਨ ਆਜ਼ਾਦੀ ਮਿਲੇ। ਮੇਰੀ ਇਸ ਤੋਂ ਸਿਵਾ ਕੋਈ ਹੋਰ ਇੱਛਾ ਨਹੀਂ।

(ਹੱਥ 'ਚ ਫੜੀ ਲੈਨਿਨ ਦੀ ਜੀਵਨੀ ਦੀ ਕਿਤਾਬ ਨੂੰ ਮੱਥੇ ਨਾਲ ਛੁਹਾ ਕੇ ਬੰਦ ਕਰਦਿਆਂ)

ਭਗਤ ਸਿੰਘ: ਅੱਛਾ ਸਾਥੀ ਲੈਨਿਨ ਤੈਨੂੰ ਸਾਡਾ ਆਖਰੀ 'ਲਾਲ ਸਲਾਮ'। (ਸਿਪਾਹੀਆਂ ਵੱਲ) ਚਲੋ ...!!

(ਸਿਪਾਹੀ ਅਤੇ ਵਾਰਡਨ ਭਗਤ ਸਿੰਘ ਨੂੰ ਲੈ ਕੇ ਫਾਂਸੀ ਦੇ ਤਖਤੇ ਵੱਲ ਲੈ ਤੁਰਦੇ ਹਨ। ਰਾਜਗੁਰੂ ਅਤੇ ਸੁਖਦੇਵ ਨੂੰ ਵੀ ਉਹਨਾਂ ਦੀਆਂ ਬੈਰਕਾਂ ਚੋਂ ਕੱਢ ਕੇ ਨਾਲ ਤੋਰ ਲੈਂਦੇ ਹਨ। ਤਿੰਨੋਂ ਇਕ ਦੂਜੇ ਵੱਲ ਵੇਖਦੇ ਹਨ ਅਤੇ ਉੱਚੀ-2 ਨਾਹਰੇ ਲਗਾਉਂਦੇ ਫਾਂਸੀ ਦੇ ਫੰਦਿਆਂ ਵੱਲ ਜਾ ਰਹੇ ਹਨ।)

ਭਗਤ ਸਿੰਘ: ਇਨਕਲਾਬ! ਜ਼ਿੰਦਾਬਾਦ!!

ਰਾਜਗੁਰੂ: ਇਨਕਲਾਬ! ਜ਼ਿੰਦਾਬਾਦ!!

## Azadi De Jahaz

ਸੁਖਦੇਵ: ਇਨਕਲਾਬ! ਜ਼ਿੰਦਾਬਾਦ!!

ਤਿੰਨੋਂ ਰਲ ਕੇ: ਇਨਕਲਾਬ! ਜ਼ਿੰਦਾਬਾਦ!!

(ਤਿੰਨੋਂ ਜਣੇ ਫਾਂਸੀ ਦੇ ਰੱਸਿਆਂ ਨੂੰ ਗਲ 'ਚ ਪੁਆਉਣ ਤੋਂ ਪਹਿਲਾਂ ਚੁੰਮਦੇ ਹਨ। ਤਿੰਨਾਂ ਦੇ ਮੂੰਹਾਂ ਤੇ ਕਾਲੇ ਨਕਾਬ ਪਾਏ ਜਾਂਦੇ ਹਨ।ਜਲਾਦ ਰੱਸਿਆਂ ਦੀਆਂ ਗੰਢਾਂ ਉਹਨਾਂ ਦੇ ਗਲਾਂ ਦੁਆਲੇ ਕਸਦਾ ਹੈ। ਇਕ ਸਿਪਾਹੀ ਉਹਨਾਂ ਦੀਆਂ ਬੇੜੀਆਂ ਖੋਹਲਦਾ ਹੈ। ਇਸ ਸਭ ਦੌਰਾਨ ਪਿੱਠਭੂਮੀ ਚੋਂ ਇਕ ਹਲਕੀ ਜਿਹੀ ਪਰ ਗਹਿਰ-ਗੰਭੀਰ ਆਵਾਜ਼ ਉਭਰਦੀ ਹੈ (ਹੀਰ ਦੀ ਤਰਜ਼ ਤੇ...):

"ਹਿੰਦੁਸਤਾਨੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ
ਦੇਖ ਅਸਾਂ ਨੂੰ ਨਾ ਘਬਰਾ ਜਾਣਾ॥

ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ
ਫ਼ਰਜ਼ ਆਪਣਾ ਅਸੀਂ ਨਿਭਾ ਜਾਣਾ।
ਸਾਡੀ ਯਾਦ ਨੇ ਵਤਨ ਸਪੁੱਤਰਾਂ ਨੂੰ
ਇਸ਼ਕ ਵਤਨ ਦਾ ਅੰਤ ਨੂੰ ਲਾ ਜਾਣਾ॥

ਪੁੱਤਰ ਸ਼ੇਰਾਂ ਦੇਓ ਗੱਜਿਓ ਸ਼ੇਰ ਵਾਂਗੂੰ
ਗਿੱਦੜ ਵਾਂਗ ਨਾ ਦੁੰਮ ਦਬਾ ਜਾਣਾ।
ਪਿਆਰੇ ਪ੍ਰੀਤਮੋਂ ਚੱਲੇ ਹਾਂ ਜੇਸ ਰਾਹੇ
ਏਸੇ ਰਸਤੇ ਤੁਸਾਂ ਭੀ ਆ ਜਾਣਾ॥"

ਜੱਜ ਅਪਣੀ ਘੜੀ ਵੱਲ ਵੇਖ ਕੇ ਇਸ਼ਾਰਾ ਕਰਦਾ ਹੈ। ਫੱਟੇ ਖਿੱਚੇ ਜਾਂਦੇ ਹਨ। ਤਿੰਨੋ ਲਾਸ਼ਾਂ ਹਵਾ 'ਚ ਝੂਲ ਜਾਂਦੀਆਂ ਹਨ। ਸਟੇਜ ਤੇ ਹਨੇਰਾ ਫੈਲ ਜਾਂਦਾ ਹੈ। ਫਲੈਸ਼ ਸਿਪਾਹੀ ਲਾਲ ਸਿੰਘ ਉੱਪਰ ਪੈਂਦੀ ਹੈ। ਸਿਪਾਹੀ ਲਾਲ ਸਿੰਘ ਅਪਣੀ ਜੇਬ ਚੋਂ ਉਹੀ ਲਿਫਾਫੀ ਕੱਢਦਾ ਹੈ। ਵਿੱਚੋਂ ਕਰਤਾਰ ਸਿੰਘ ਸਰਾਭੇ ਦੀ ਫੋਟੋ ਨਿਕਲਦੀ ਹੈ।)

ਲਾਲ ਸਿੰਘ: (ਫੋਟੋ ਪਿੱਛੇ ਲਿਖੀਆਂ ਸਤਰਾਂ ਉੱਚੀ ਸੁਰ 'ਚ ਪੜ੍ਹਦਾ ਹੈ।)

"ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁੱਖਲੀਆਂ ਨੇ।

## Azadi De Jahaz

ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ

ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ…॥

ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਭਗਤ ਸਿੰਘ ਦਾ ਆਖਰੀ ਸਲਾਮ॥"

(ਲਾਲ ਸਿੰਘ ਪੜ੍ਹਦਾ-2 ਗੋਡਿਆਂ ਭਾਰ ਹੋ ਜਾਂਦਾ ਹੈ। ਸਾਹਮਣੇ ਝੂਲ ਰਹੀਆਂ ਤਿੰਨੇ ਲਾਸ਼ਾਂ ਵੱਲ ਗਹੁ ਨਾਲ ਵੇਖਦਾ ਹੈ। ਤੇ ਮੁੜ ਇਕਦਮ ਤਣ ਕੇ… ਸਿੱਧਾ ਖੜੋ ਕੇ ਉਹਨਾ ਨੂੰ ਸਲੂਟ ਮਾਰਦਿਆਂ)

ਲਾਲ ਸਿੰਘ: ਇਨਕਲਾਬ! ਜ਼ਿੰਦਾਬਾਦ!!

## Azadi De Jahaz

**ਸੀਨ –11**

(ਸਟੇਜ ਤੇ ਮੁੜ ਇਕ ਬੁੱਢਾ ਬਾਬਾ ਪ੍ਰਵੇਸ਼ ਕਰਦਾ ਹੈ। ਸਧਾਰਣ ਕੱਪੜਿਆਂ ਵਾਲਾ ਇਹ ਬਜ਼ੁਰਗ ਕਮਜ਼ੋਰ ਤੇ ਰੁਲਿਆ ਹੋਇਆ ਮਹਿਸੂਸ ਹੁੰਦਾ ਹੈ।ਇਹ ਇਸ ਨਾਟਕ ਦਾ ਸੂਤਰਧਾਰ ਹੈ।ਇਸਦੇ ਸਾਰੇ ਸੰਵਾਦਾਂ ਦੌਰਾਨ ਪਿੱਠਭੂਮੀ ਚੋਂ 'ਬੰਦੇ ਮਾਤਰਮ..' ਦੀ ਧੁਨੀ ਦੀ ਆਵਾਜ਼ ਉਭਰਦੀ ਤੇ ਮੱਧਮ ਪੈਂਦੀ ਰਹਿੰਦੀ ਹੈ।)

ਹਿੰਦੁਸਤਾਨ ਗੋਰੇ ਫਰੰਗੀਆਂ ਹੱਥੋਂ ਆਜ਼ਾਦ ਹੋ ਗਿਆ। ਪਰ ਮੈਂ...ਆਜ਼ਾਦੀ ਦਾ ਸੁਪਨਾ ਹਾਲੇ ਵੀ ਅਧੂਰਾ ਹਾਂ। ਕਿਉਂਕਿ ਮੇਰਾ ਨਿਸ਼ਾਨਾ ਹਿੰਦੁਸਤਾਨ ਨੂੰ ਬਦੇਸ਼ੀ ਫਰੰਗੀਆਂ ਹੱਥੋਂ ਆਜ਼ਾਦ ਕਰਵਾ ਕੇ 'ਦੇਸੀ-ਫਰੰਗੀਆਂ' ਹਵਾਲੇ ਕਰਨਾ ਹਰਗ਼ਿਜ਼ ਨਹੀਂ ਸੀ। ਮੇਰਾ ਨਿਸ਼ਾਨਾ ਤਾਂ ਮਨੁੱਖਤਾ ਦੀ ਪੂਰਨ ਆਜ਼ਾਦੀ ਸੀ...

ਪਰਜਾਤੰਤਰ ਦੇ ਸੁਪਨੇ ਲੈ ਕੇ, ਕੱਲ ਜੋ ਫਾਂਸੀ ਲੱਗੇ ਲੋਕ
ਅੱਜ ਉਹਨਾਂ ਦੇ ਸੁਪਨੇ ਫਾਂਸੀ, ਲਾਉਂਦਾ ਪਰਜਾਤੰਤਰ ਵੇਖ॥

ਹਾਂ! ਮੈਂ ਅੱਜ ਵੀ ਅਧੂਰਾ ਹਾਂ। ਜਿੰਦਗੀ ਦੀਆਂ ਲਹਿਰਾਂ ਚੋਂ ਸਰਾਭੇ ਭਾਲਦਾ...ਟੁੰਡੀਲਾਟਾਂ ਨੂੰ ਪੁਕਾਰਦਾ...ਗੁਲਾਬ ਕੌਰਾਂ ਨੂੰ ਆਵਾਜ਼ਾਂ ਮਾਰਦਾ...ਭਗਤ ਸਿੰਘਾਂ ਲਈ ਤੜਪਦਾ। ਅੱਜ ਜਦ ਸਾਡੇ ਕੋਲ ਗੁਲਾਮ ਕਰਨੀਆਂ ਤਾਕਤਾਂ ਦੇ ਵਿਰੋਧ ਲਈ ਕਿਤੇ ਵੱਧ ਕਾਰਗਰ ਹਥਿਆਰ ਮੌਜੂਦ ਹਨ ਤਾਂ ਵੀ ਮੈਂ ਅਧੂਰਾ ਕਿਉਂ ਹਾਂ? ਇਨਸਾਨੋ! ਜੇਕਰ ਤੁਸੀਂ ਉਸੇ ਵਡੇਰੇ ਦੀ ਔਲਾਦ ਹੋ ਜਿਸਨੇ ਸਮੁੰਦਰ-ਮੰਥਨ ਵੇਲੇ, ਦੇਵਤਿਆਂ ਤੇ ਰਾਖ਼ਸ਼ਾਂ ਤੋਂ ਬਚਾ ਕੇ, ਮੈਨੂੰ ਅਪਣੇ ਦਿਲ ਵਿਚ ਲੁਕੋ ਲਿਆ ਸੀ...ਤਾਂ ਅੱਜ... ਹੁਣੇ...ਏਥੇ...ਇਸੇ ਵਕਤ ਅਪਣੇ ਦਿਲਾਂ ਨੂੰ ਟਟੋਲੋ...ਤੁਹਾਨੂੰ ਮੈਂ ਮਿਲਾਂਗਾ। ਪੂਰਨ ਮਨੁੱਖੀ ਆਜ਼ਾਦੀ ਲਈ ਤੜਪਦਾ...ਆਜ਼ਾਦੀ ਦਾ ਸੁਪਨਾ!! ਮੈਨੂੰ ਰਿਹਾਈ ਦਿਓ!...ਮੈਨੂੰ ਆਜ਼ਾਦ ਕਰਾਓ...! ਮੈਨੂੰ ਆਜ਼ਾਦ ਕਰਾਓ!!

(ਪਿੱਠਭੂਮੀ ਚੋਂ ਸਮੁੰਦਰ ਦੀ ਆਵਾਜ਼...ਛੱਲਾਂ...ਸਮੁੰਦਰੀ ਜਹਾਜ਼ਾਂ ਦੇ ਸਾਇਰਨਾਂ ਦੀ ਆਵਾਜ਼ ਹੌਲੀ ਹੌਲੀ ਉੱਚੀ ਹੁੰਦੀ ਜਾਂਦੀ ਹੈ। ਤੇ ਸਿਖਰ ਤੇ ਪਹੁੰਚ ਕੇ ਮੱਧਮ ਪੈਣ ਲਗਦੀ ਹੈ।)
ਸੂਤਰਧਾਰ: ...ਮੈਨੂੰ ਆਜ਼ਾਦ ਕਰਾਓ...! ਮੈਨੂੰ ਆਜ਼ਾਦ ਕਰਾਓ!!

(ਪਰਦਾ)

# Azadi De Jahaz

ਧੰਨਵਾਦ:

ਸੁਰਜੀਤ ਢੀਂਡਸਾ, ਬਲਜਿੰਦਰ ਲੇਲਣਾ, ਹਰਭਜਨ ਫਲੋਰਾ, ਕੁਲਦੀਪ ਰੰਧਾਵਾ ਅਤੇ ਸਾਥੀ ਕਲਾਕਾਰਾਂ ਦਾ ਜਿਹਨਾਂ ਨੇ ‘ਆਜ਼ਾਦੀ ਦੇ ਜਹਾਜ਼’ ਨੂੰ ਬੜੀ ਮਿਹਨਤ ਨਾਲ ਤਿਆਰ ਕਰ ਕੇ ਦਰਸ਼ਕਾਂ ਤੀਕ ਪੁਜਾਇਆ। ਧੰਨਵਾਦ ਨਿਰੰਕਾਰ ਅਤੇ ਰਾਜ ਘੁੰਮਣ ਜੀ ਦਾ ਜਿਹਨਾਂ ਨੇ ਇਸਦੇ ਗੀਤਾਂ ਨੂੰ ਅਪਣੀ ਆਵਾਜ਼ ਦਿੱਤੀ।

**Azadi De Jahaz**

## Back Title Page

---

"ਹਿੰਦੁਸਤਾਨ ਗੋਰੇ ਫਰੰਗੀਆਂ ਹੱਥੋਂ ਆਜ਼ਾਦ ਹੋ ਗਿਆ। ਪਰ ਮੈਂ...ਆਜ਼ਾਦੀ ਦਾ ਸੁਪਨਾ, ਹਾਲੇ ਵੀ ਅਧੂਰਾ ਹਾਂ। ਕਿਉਂਕਿ ਮੇਰਾ ਨਿਸ਼ਾਨਾ ਹਿੰਦੁਸਤਾਨ ਨੂੰ ਬਦੇਸ਼ੀ ਫਰੰਗੀਆਂ ਹੱਥੋਂ ਆਜ਼ਾਦ ਕਰਵਾ ਕੇ 'ਦੇਸੀ-ਫਰੰਗੀਆਂ' ਹਵਾਲੇ ਕਰਨਾ ਹਰਗਿਜ਼ ਨਹੀਂ ਸੀ। ਮੇਰਾ ਨਿਸ਼ਾਨਾ ਤਾਂ ਮਨੁੱਖਤਾ ਦੀ ਪੂਰਨ ਆਜ਼ਾਦੀ ਸੀ...

ਪਰਜਾਤੰਤਰ ਦੇ ਸੁਪਨੇ ਲੈ ਕੇ, ਕੱਲ ਜੋ ਫਾਂਸੀ ਲੱਗੇ ਲੋਕ
ਅੱਜ ਉਹਨਾਂ ਦੇ ਸੁਪਨੇ ਫਾਂਸੀ, ਲਾਉਂਦਾ ਪਰਜਾਤੰਤਰ ਵੇਖ॥

ਹਾਂ! ਮੈਂ ਅੱਜ ਵੀ ਅਧੂਰਾ ਹਾਂ। ਜਿੰਦਗੀ ਦੀਆਂ ਲਹਿਰਾਂ ਚੋਂ ਸਰਾਭੇ ਭਾਲਦਾ...ਟੁੰਡੀਲਾਟਾਂ ਨੂੰ ਪੁਕਾਰਦਾ...ਗੁਲਾਬ ਕੌਰਾਂ ਨੂੰ ਆਵਾਜ਼ਾਂ ਮਾਰਦਾ...ਭਗਤ ਸਿੰਘਾਂ ਲਈ ਤੜਪਦਾ। ਅੱਜ ਜਦ ਸਾਡੇ ਕੋਲ ਗੁਲਾਮ ਕਰਨੀਆਂ ਤਾਕਤਾਂ ਦੇ ਵਿਰੋਧ ਲਈ ਕਿਤੇ ਵੱਧ ਕਾਰਗਰ ਹਥਿਆਰ ਮੌਜੂਦ ਹਨ ਤਾਂ ਵੀ ਮੈਂ ਅਧੂਰਾ ਕਿਉਂ ਹਾਂ? ਇਨਸਾਨੋ! ਜੇਕਰ ਤੁਸੀਂ ਉਸੇ ਵਡੇਰੇ ਦੀ ਔਲਾਦ ਹੋ ਜਿਸਨੇ ਸਮੁੰਦਰ-ਮੰਥਨ ਵੇਲੇ, ਦੇਵਤਿਆਂ ਤੇ ਰਾਖ਼ਸ਼ਾਂ ਤੋਂ ਬਚਾ ਕੇ, ਮੈਨੂੰ ਅਪਣੇ ਦਿਲ ਵਿਚ ਲੁਕੋ ਲਿਆ ਸੀ...ਤਾਂ ਅੱਜ... ਹੁਣੇ...ਏਥੇ...ਇਸੇ ਵਕਤ ਅਪਣੇ ਦਿਲਾਂ ਨੂੰ ਟਟੋਲੋ...ਤੁਹਾਨੂੰ ਮੈਂ ਮਿਲਾਂਗਾ। ਪੂਰਨ ਮਨੁੱਖੀ ਆਜ਼ਾਦੀ ਲਈ ਤੜਪਦਾ...ਆਜ਼ਾਦੀ ਦਾ ਸੁਪਨਾ!! ਮੈਨੂੰ ਰਿਹਾਈ ਦਿਓ!...ਮੈਨੂੰ ਆਜ਼ਾਦ ਕਰਾਓ...! ਮੈਨੂੰ ਆਜ਼ਾਦ ਕਰਾਓ!!"

(ਆਜ਼ਾਦੀ ਦਾ ਸੁਪਨਾ)